“ਹੋਂਦ ਨਿਹੋਂਦ” : ਆਰੰਭਕ ਸ਼ਬਦ

“ਹੋਂਦ ਨਿਹੋਂਦ” 2016 ਵਿਚ ਪ੍ਰਕਾਸ਼ਤ ਹੋ ਰਿਹਾ ਮੇਰਾ ਚੌਧਵਾਂ ਕਾਵਿ/ਗੀਤ ਨਾਟਕ ਹੈ। 1976 ਤੋਂ 2015 ਤਕ ਮੇਰੇ 11 ਕਾਵਿ-ਨਾਟਕ ਭਾਰਤ ਦੇ ਨਾਮਵਰ ਰੰਗਕਰਮੀਆਂ ਵਲੋਂ ਖੇਡੇ ਜਾ ਚੁੱਕੇ ਹਨ, ਜਿਨ੍ਹਾਂ ਵਿਚ ਡਾ. ਸੁਰਜੀਤ ਸਿੰਘ ਸੇਠੀ, ਗੁਰਸ਼ਰਨ ਸਿੰਘ, ਅਜਮੇਰ ਔਲਖ, ਕੇਵਲ ਧਾਲੀਵਾਲ, ਡਾ. ਸਾਹਿਬ ਸਿੰਘ (ਹੀਰ), ਕੀਰਤੀ ਕਿਰਪਾਲ, ਸੁਭਾਸ਼ ਪੁਰੀ, ਪ੍ਰੀਤਮ ਸਿੰਘ ਢੀਂਡਸਾ, ਡਾ. ਮਨਜੀਤਪਾਲ ਕੌਰ ਅਤੇ ਪ੍ਰੋ. ਰਤਨ ਸਿੰਘ ਢਿੱਲੋਂ ਆਦਿ ਦੇ ਨਾਮ ਜ਼ਿਕਰਯੋਗ ਹਨ।

ਅਸੀਂ ਜਿਊਣ ਲਈ ਜੰਮਦੇ,
ਪਰ ਮਰਨ ਲਈ ਜਿਊਂਦੇ ਹਾਂ !!!

[1]‘ਹੋਂਦ’, ‘ਹੋਣ’ ਅਤੇ ‘ਨਿਹੋਂਦ’ ਦੇ ਅਸਤਿਤਵਾਦੀ ਸੰਕਲਪਾਂ ਨਾਲ, ਸੁਚੇਤ/ਅਚੇਤ, ਜੂਝਦੇ ਹੋਏ, ਅਸੀਂ ਸਮਕਾਲੀ ਪ੍ਰਸੰਗਾਂ ਦੀ ਵਿਕਾਸਸ਼ੀਲਤਾ ਵਿੱਚੋਂ ਆਪਣੇ ਅਰਥ ਢੂੰਡ ਰਹੇ ਹਾਂ।

ਆਦਿ-ਕਾਲ ਤੋਂ ਜੀਵਨ ਨਿੱਤ ਵਿਕਸਤ ਹੋ ਰਿਹਾ ਇਕ ਜੀਵਨ ਦਰਸ਼ਨ ਹੈ। ਵਿਅਕਤੀ ਆਪਣੇ ਸਨਮੁਖ ਖੜੋਤਾ, ਆਪਣੇ ਆਪ ਨੂੰ ਵੇਖਦਾ ਹੋਇਆ ਵੀ, ਆਪਣੀ

---

1. ‘ਹੋਂਦ’, ‘ਹੋਣ’ ਤੇ ‘ਨਿਹੋਂਦ’ – ਅਸਤਿਤਵਾਦੀ ਦਰਸ਼ਨ ਨਾਲ ਜੁੜੇ 'Being', 'Becoming' ਤੇ 'Nothingness' ਦੇ ਸੰਕਲਪ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਪਾਰਦਰਸ਼ੀ ਨਜ਼ਰ ਨਾਲ, ਅਪਣੇ ਆਪ ਤੋਂ ਪਾਰ ਜਾ ਰਿਹਾ ਹੁੰਦਾ ਹੈ। ਸਭ ਵਾਦ, ਵਿਵਾਦ, ਸਮਵਾਦ, ਪ੍ਰਤੀਵਾਦ ਤੇ ਮੱਧਵਾਦ ਜੀਵਨ ਦੀ ਇਸੇ ਉਲਝਣ ਤੇ ਸੁਲਝਣ ਵਿੱਚੋਂ ਉਤਪੰਨ ਹੁੰਦੇ ਹਨ। ਬਹੁਤ ਕੁਝ ਟੁੱਟਦਾ, ਭੱਜਦਾ ਅਤੇ ਮੁੜ ਜੁੜਦਾ, ਵਿਗਸਦਾ ਰਹਿੰਦਾ ਹੈ। ਦਿਸ਼ਾ ਵਿਚ ਵੀ ਦਿਸ਼ਾਹੀਣਤਾ ਅਤੇ ਦਿਸ਼ਾਹੀਣਤਾ ਵਿਚ ਦਿਸ਼ਾ ਉਦੈ, ਅਸਤ ਹੁੰਦੀ ਰਹਿੰਦੀ ਹੈ।

[1] ਊਲ-ਜਲੂਲਤਾ ਹੀ ਕਈ ਵਾਰ ਸਾਡੇ ਜੀਨ ਦੀ [2] ਸਾਮਾਨਯ (ਨਾਰਮਲ) ਸੋਚ ਤੇ ਕਿਰਿਆ ਬਣ ਜਾਂਦੀ ਹੈ। ਪ੍ਰਸ਼ਨ ਸਾਨੂੰ ਹੋਰ ਪ੍ਰਸ਼ਨਾਂ ਵਲ ਲੈ ਤੁਰਦੇ ਹਨ ਅਤੇ ਤਰਕ, ਵਿਤਰਕਸ਼ੀਲਤਾ ਵਲ।

[3] 'ਆਈਸਿਸ' ਵਰਗੀਆਂ ਦਹਿਸ਼ਤਗਰਦ ਤਨਜ਼ੀਮਾਂ ਟੀ.ਵੀ., ਇੰਟਰਨੈਟ, ਰੇਡੀਓ ਅਤੇ ਹੋਰ ਸੰਚਾਰ ਮਾਧਿਅਮਾਂ ਦੁਆਰਾ ਸਾਡੀਆਂ ਸੋਚਾਂ ਮੱਲ ਲੈਂਦੀਆਂ ਹਨ। ਦਹਿਸ਼ਤਗਰਦਾਂ ਦੇ ਗ਼ੈਰ-ਇਨਸਾਨੀ ਅਤੇ ਖ਼ੂਨੀ ਕਾਰਨਾਮੇ ਸਾਡੇ ਜੀਵਨ ਦੀ ਸਾਮਾਨਯਤਾ ਨੂੰ ਭੰਗ ਕਰ ਦਿੰਦੇ ਹਨ।

ਇਸ ਕਾਵਿ/ਗੀਤ ਨਾਟਕ ਦੇ ਪਾਤਰ 'ਕਵੀ', 'ਇਕ', 'ਦੋ', 'ਔਰਤ', 'ਕਵਿੱਤਰੀ', 'ਮਸਖਰਾ', 'ਮਸਖਰੀ', 'ਆਈਸਿਸ ਕਮਾਂਡਰ', 'ਆਈਸਿਸ ਸੈਨਿਕ-1' ਤੇ 'ਆਈਸਿਸ ਸੈਨਿਕ-2' ਆਦਿ ਵਿਵਿਧ ਪ੍ਰਸਥਿਤੀਆਂ ਵਿੱਚੋਂ ਲੰਘਦੇ ਹੋਏ, ਇਹ ਤੇ ਹੋਰ ਬਹੁਤ ਕੁਝ ਪਾਠਕਾਂ ਤੇ ਦਰਸ਼ਕਾਂ ਦੇ ਦ੍ਰਿਸ਼ਟੀਗੋਚਰ ਕਰ ਜਾਂਦੇ ਹਨ। ਏਥੇ ਇਸ ਕਾਵਿ-ਨਾਟਕ ਦੇ ਸੰਵਾਦਾਂ ਵਿਚੋਂ ਕੁਝ ਉਦਾਹਰਣਾਂ ਦੇਣੀਆਂ ਉਚਿਤ ਜਾਪਦੀਆਂ ਹਨ।

1. ਇਕ ਸੂਲ 'ਤੇ ਤ੍ਰੇਲ ਪਈ
   ਛਿਣ ਭਰ ਦੀ ਜ਼ਿੰਦਗੀ
   ਫੁੱਲਾਂ ਵਿਚ ਖੇਲ ਰਹੀ

2. ਕੋਈ ਮਰ ਕੇ ਵੀ ਨਾ ਮਰਿਆ
   ਬੀਜ ਵਿੱਚੋਂ ਰੁੱਖ ਜੰਮਿਆਂ
   ਅਤੇ ਮਾਂ ਵਿੱਚੋਂ ਪੁੱਤ ਤੁਰਿਆ

---

1. ਊਲ-ਜਲੂਲਤਾ – Absurdity
2. ਸਾਮਾਨਯ – Normal
3. ਆਈਸਿਸ – ISIS – ਇਸਲਾਮਿਕ ਸਟੇਟ ਆਫ਼ ਈਰਾਕ ਐਂਡ ਸੀਰੀਆ – ਇਸ ਨੂੰ ਸੰਖੇਪ ਵਿਚ ਇਸਲਾਮਿਕ ਸਟੇਟ ਵੀ ਆਖ ਦਿੰਦੇ ਹਨ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

3. ਸ਼ਬਦਾਂ ਵਿਚ ਅਣ ਬਣ ਹੋ ਗਈ ਏ
   ਸ਼ੋਰਾਂ ਵਿਚ ਚੁੱਪ ਖੜੋ ਗਈ ਏ
   ਕੋਈ ਚੀਜ਼ ਵੀ ਆਪਣੇ ਥਾਂ ਸਿਰ ਨਹੀਂ
   ਗਰਦਸ਼ ਵਿਚ ਕੁਲ ਲੋਕਾਈ ਏ

4. ਹੋਂਦ ਆਪਣੀ ਨੂੰ ਮੈਂ ਸਮਝਣ
   ਦਾ ਯਤਨ ਫਿਰ ਕਰ ਰਿਹਾ ਹਾਂ
   ਫੇਰ ਧੂੰਆਂ ਫੜ ਰਿਹਾ ਹਾਂ

5. ਮਿੱਟੀਓਂ ਉੱਸਰੀ ਸਿਖਰ ਦੇ ਉੱਤੋਂ-
   ਝਰਨਾਂ ਹਾਂ ਇਕ,
   ਝਰ ਰਿਹਾ ਹਾਂ।
   ਪਰਬਤ ਹਾਂ ਇਕ,
   ਖਰ ਰਿਹਾ ਹਾਂ।

6. ਖੇਡ ਹੈ ਜੀਵਨ,
   ਇਕ ਮਸ਼ਕਰੀ।
   ਆਪੇ ਦੇ ਨਾਲ,
   ਆਪ ਤਸਕਰੀ।

7. ਆਪਣੇ ਅੰਦਰੋਂ ਬਾਹਰ ਨਿਕਲੋ
   ਵੇਖੋ ਹੁਸਨਾਂ ਦੀਆਂ ਬਹਾਰਾਂ
   ਧਰਤੀ ਤੇ ਅੰਬਰ ਨੂੰ ਮੇਲਣ,
   ਏਸ ਯੁੱਗ ਦੀਆਂ ਚੰਚਲ ਨਾਰਾਂ

8. ਨਾ ਮੀਤ ਰਹੇ, ਨਾ ਗੀਤ ਰਹੇ,
   ਰੁੱਤਾਂ ਵਿਚ ਸਾਜ਼ਸ਼ ਹੋਈ ਹੈ।
   ਅੱਖਰਾਂ ਵਿਚ ਟੁੱਟੇ ਸ਼ਬਦ ਜਿਵੇਂ,
   ਅਰਥਾਂ 'ਚ ਬਗ਼ਾਵਤ ਹੋਈ ਹੈ।

9. ਚਿੰਤਨ ਵੀ ਏਥੇ ਨਹੀਂ ਮਘਦੇ।
   ਸੋਚਾਂ ਦੇ ਮੇਲੇ ਨਹੀਂ ਲੱਗਦੇ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਪਰਬਤ ਹੈ ਖਲਾਅ ਦਾ ਸਿਰ ਉੱਤੇ,
ਪਲਕਾਂ 'ਚ ਕਲਪਨਾ ਖੋਈ ਹੈ !

10. ਇਹ ਟੱਕਰ ਹੈ ਕੋਈ ਸਮਿਆਂ ਦੀ,
ਜਿੰਦ ਟੁਕੜੇ, ਟੁਕੜੇ ਹੋਈ ਹੈ।

11. ਸੱਭਿਅਤਾ ਦੀ ਕੁਲ ਤਸਵੀਰ ਜਿਵੇਂ
ਅੱਜ ਧੁੰਦ-ਧੂੰਏਂ ਵਿਚ ਖੋਈ ਹੈ।

12. ਧਰਤੀ ਵਾਂਗ ਹੀ ਸੱਚ ਹੈ ਔਰਤ
ਸਭ ਦੀ ਕੁਲ ਚਲਾਵੇ
ਰੁੱਤਾਂ ਦੇ ਨਾਲ ਮੱਥਾ ਲਾ ਕੇ
ਭੋਂ ਨੂੰ ਬਾਗ਼ ਬਣਾਵੇ

13. ਨਾਸ਼ਮਾਨ ਇਸ ਪਿੰਡ ਵਿਚ ਵੱਸਦੀ
ਬ੍ਰਹਮੰਡ ਦੀ ਰੁਸ਼ਨਾਈ

14. ਸੁਪਨ, ਕਲਪਨਾ ਸੱਚ ਨਹੀਂ ਬਣਦੇ
ਸਭ ਕੁਝ ਊਲ ਜਲੂਲ

15. ਸਭ ਰੰਗਾਂ ਵਿਚ ਖੇਡੇ ਜ਼ਿੰਦਗੀ
ਅੰਬਰੀਂ ਪੀਂਘ ਚੜ੍ਹਾਈ

16. ਸੋਚਾਂ ਵਿਚ ਕਿਉਂ ਵਿਚਰ ਰਿਹਾ ਹੈਂ ?
ਆਪਣੇ ਅੰਦਰ ਬਿਖਰ ਰਿਹਾ ਹੈਂ !!!

17. ਲੱਖ, ਕਰੋੜ 'ਚ ਚੱਲਣਾ ਚਾਹਵੇ,
ਵੇਖੋ ਕਿਵੇਂ ਰੁਪਈਆ ਖੋਟਾ।

18. ਪੁੱਤਰ ਪੈਦਾ ਹੋਣ ਤੋਂ ਪਹਿਲਾਂ,
ਚਾਹੀਦਾ ਤੈਨੂੰ ਪੋਤਾ।
ਗੁੰਡੀ ਰੰਨ ਪ੍ਰਧਾਨ ਹੈ ਏਥੇ,
ਸੱਤਾ ਵਿਚ ਹੈ ਆਇਆ ਖੋਤਾ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

19. ਕੰਪਿਊਟਰ ਦੇ ਇਸ ਯੁੱਗ ਅੰਦਰ,
ਬੱਚੇ ਬਣਦੇ ਪਏ ਮਸ਼ੀਨਾਂ !
ਵਿਚ ਖਲਾਅ ਦੇ ਵਿਚਰ ਰਹੇ ਨੇ,
ਖਿਸਕੀਆਂ, ਪੈਰਾਂ ਹੇਠ ਜ਼ਮੀਨਾਂ !

20. ਤੇਰ, ਮੇਰ ਵਿਚ ਕਾਵਾਂ ਰੌਲੀ,
ਸ਼ੋਰਾਂ ਅੰਦਰ ਗੁੰਮ ਗਈ ਬਾਣੀ।
ਤੁਰਨੋਂ ਪਹਿਲਾਂ, ਖੜ੍ਹਦੀ ਜਾਪੇ,
ਖਪਤ-ਯੁੱਗ ਦੀ ਅਜਬ ਕਹਾਣੀ !

21. ਤਸਕਰਾਂ, ਅਫ਼ਸਰਾਂ ਦੀ ਪੌਂ ਬਾਰਾਂ,
ਮੁਨਸਫ ਦੀ ਵੀ ਅੱਖ ਹੈ ਕਾਣੀ !

22. ਕਲਪਨਾ-ਸ਼ਕਤੀ, ਕਲਮ ਵੀ ਆਪਣੀ,
ਕਰਮ ਬਣਾ, ਕਾਰਜ ਬਣਾ ਜਾ !

23. ਮਸਖਰਾ ਅੱਜ ਪੈਗ਼ੰਬਰ ਬਣਿਆਂ !
ਫੰਡਰ ਗਾਂ ਨੇ ਬਛੜਾ ਜਣਿਆਂ !

24. ਪੌਣਾਂ ਵਿਚ ਜ਼ਹਿਰਾਂ ਦਾ ਵਾਸਾ,
ਪਾਣੀ ਵੀ ਪ੍ਰਦੂਸ਼ਤ ਹੋਇਆ।

25. ਨੀਤੀ ਦੇ ਮੌਸਮ ਵਿਚ ਬਦਲੀ,
ਕਿਹੜਾ ਨਾਲ ਖਲੋ ਸਕਦਾ ਹੈ ?
ਆਪਣੇ ਅੰਦਰ ਨਿੱਘਰਿਆ ਮਾਨਵ,
ਕਿਸ ਨਾਲ ਰਿਸ਼ਤਾ ਹੋ ਸਕਦਾ ਹੈ ?

26. ਰਿਸ਼ਤੇ ਵੀ ਪ੍ਰਦੂਸ਼ਤ ਹੋਏ,
ਮੇਰ, ਤੇਰ ਵਿਚ ਪਾਟਣ ਲੱਗੇ।

27. ਮੇਰੀ ਅੱਖ ਵਿਚ ਝਾਤੀ ਮਾਰ,
ਇਸ ਵਿਚ ਖੜ੍ਹੀ ਹੈ ਸੁੰਦਰ ਨਾਰ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮਾਈ ਹੱਵਾ ਤੋਂ ਲੈ ਕੇ ਅੱਜ ਤਕ,
ਇਸ ਵਿਚ ਹੈ ਨਾਰਾਂ ਦੀ ਡਾਰ।

28. ਜੀਵਨ ਕੱਲਾ ਥਲ ਨਾ ਰੇਤਾ,
ਇਸ ਵਿਚ ਗੁਲਸ਼ਨ, ਆਉਣ ਬਹਾਰਾਂ।
ਕਾਮ ਦੇ ਛਿਣ ਵਿਚ ਫੈਲਦੇ ਬੰਦੇ,
ਕਾਮ ਦੇ ਛਿਣ ਵਿਚ ਖੁੱਲ੍ਹਦੀਆਂ ਨਾਰਾਂ।

29. ਸਾਰੇ ਵਿਸ਼ਵ ਦੇ ਵਿਚ ਕਰਨਾ,
ਜਹਾਦ ਹੈ ਜਹਾਦੀ ਨੇ।

30. ਸੀਰੀਆ, ਈਰਾਕ ਮੁੱਢ ਸੀ,
ਸਾਰਾ ਵਿਸ਼ਵ ਹੀ ਸਾਡਾ ਏ।
ਜੱਨਤ ਬਨਾਉਣੀ ਧਰਤੀ,
ਅੱਲਾ ਨਾਲ ਵਾਅਦਾ ਏ।

31. ਅੱਲਾ, ਈਸ਼ਵਰ, ਗੌਡ ਅਪੰਗ ਨੇ,
ਰਾਜ ਕਰੇ ਸ਼ੈਤਾਨ।
ਸੋਚ, ਆਤਮਾਂ ਘਾਇਲ ਹੋਈ,
ਭਾਸ਼ਾ, ਸੱਭਿਅਤਾ ਲਹੂ ਲੁਹਾਣ।
ਅੱਤਵਾਦ ਦੀ 'ਨ੍ਹੇਰੀ ਝੁੱਲੀ,
ਕਹਿਰ, ਗਹਿਰ ਅਸਮਾਨ।

32. ਅਤਿਵਾਦ ਦੀ ਵਿਸ਼ਵੀ 'ਨ੍ਹੇਰੀ,
ਹਰ ਪਲ ਮੇਰਾ ਰੁਲ ਜਾਂਦਾ ਹੈ।
ਸੋਚਾਂ ਤੇ ਖਾਣੇ ਦੇ ਅੰਦਰ,
ਲਹੂ ਮਾਨਵ ਦਾ ਘੁਲ ਜਾਂਦਾ ਹੈ।
ਟੀ.ਵੀ., ਇੰਟਰਨੈਟ ਦੇ ਉੱਤੇ,
ਕਾਂਡ ਖੌਫ਼ ਦਾ ਖੁੱਲ੍ਹ ਜਾਂਦਾ ਹੈ।

33. ਜੀਵਨ, ਮੌਤ ਨੂੰ ਮੁੜ ਪਰਿਭਾਸ਼ਤ,
ਕਰਨਾ ਚਾਹਵਣ ਇਹ ਜਹਾਦੀ।

ਦਾਣੇ ਵਿਚ ਹੀ ਬੰਦ ਹੁੰਦੀ ਹੈ,
ਦਾਣੇ ਦੀ ਬਰਬਾਦੀ।

34. ਵਿਸ਼ਵ-ਖੌਫ਼ ਦੀ ਤੋੜੇਗੀ ਹੁਣ,
ਵਿਸ਼ਵ-ਕੋਲੀਸ਼ਨ ਹੀ ਸਰਦਾਰੀ।
'ਰਕਤ-ਬੀਜ' ਦੀ ਰੱਤ ਪੀਣ ਲਈ,
ਦੁਰਗਾ ਕੀਤੀ ਖ਼ੂਬ ਤਿਆਰੀ।

35. ਖਾਲੀ ਭਾਂਡੇ ਵਾਂਗ ਖੜਕਦੇ,
ਨੇਤਾ, ਮੰਗਤਾ ਤੇ ਦਰਵੇਸ਼।

36. ਸਦੀਆਂ ਤੋਂ ਇਹ ਨਫ਼ਰਤ ਦਾ ਹੀ,
ਪਾਠ ਨਿੱਤ ਹੀ ਕਰਦੇ ਰਹੇ ਨੇ।
ਧਰਮ ਦੇ ਨਾਂ 'ਤੇ ਕਰਨ ਸਿਆਸਤ,
ਸ਼ੀਆ, ਸੁੰਨੀ ਲੜਦੇ ਰਹੇ ਨੇ।

37. ਸੁੰਨੀਂ ਦੇ ਸਿਰ ਚੜ੍ਹਿਆ ਖ਼ੂਨ,
ਜੰਮਿਆਂ ਆਈਸਿਸ ਦਾ ਜਨੂੰਨ।

38. ਪੱਛਮੀਂ ਸ਼ਕਤੀਆਂ, ਮੁਸਲਮ ਸਿਆਸਤ
ਵਿਚ ਇਉਂ, ਜਿਉਂ ਟਿੰਡ ਵਿਚ ਕਾਨਾਂ।
ਕੈਂਸਰ ਵਾਂਗੂੰ ਠੋਕ ਦਿੱਤਾ ਹੈ,
ਮਧਪੂਰਬ ਵਿਚ ਯੁੱਧ ਦਾ ਫਾਨਾ।

39. ਸੂਮ ਦੇ ਘਰ ਆਇਆ ਕੰਜੂਸ—
ਜੂਸਰ ਹੇਠ ਗਲਾਸੀ ਰੱਖ ਕੇ,
ਸੁੱਕਾ ਕੀਨੂੰ, ਕੱਢੇ ਜੂਸ—

40. ਲਹੂ-ਲਿੱਬੜੇ ਟੀ.ਵੀ. ਦੇ ਬਿੰਬ ਸਭ,
ਘਰ, ਘਰ ਵਿਚ ਦਹਿਸ਼ਤ ਫੈਲਾਣ।
ਖਾਣਾ, ਪੀਣਾ, ਸੋਚਣਾ, ਜੀਣਾ,
ਸਭ ਕੁਝ ਹੋਇਆ ਲਹੂ ਲੁਹਾਣ।

41. ਬੇਕਾਰ ਹੈ, ਬੇਘਰ ਹੈ,
ਬੇਅਰਥ ਜਵਾਨੀ ਹੈ।
ਮੁੱਦਿਆਂ ਤੋਂ ਬਿਨਾ ਭਟਕੇ,
ਇਹੀ ਅੱਜ ਦੀ ਕਹਾਣੀ ਹੈ !

42. ਇਤਿਹਾਸ ਕਹੇ, ਇਹ ਇਵੇਂ ਰਹੀ ਹੈ,
ਜ਼ਿੰਦਗੀ ਕਿਉਂ ਮੁਲਤਵੀ ਕਰੀਏ ???

43. ਲੜ ਪ੍ਰੀਤਾਂ ਦੇ ਲਾ ਦੇਵੇਂ,
ਆਪ ਤੂੰ ਲਿਖੇਂ ਕਵਿਤਾ—
ਮੈਨੂੰ ਕਵਿਤਾ ਬਣਾ ਦੇਵੇਂ

44. ਔਰਤ ਦੁਆਲੇ ਮਿੱਥ ਘੁੰਮ ਰਹੀ,
ਮਰਦ ਇਸ਼ਾਰੇ 'ਤੇ ਨਚਾਏ।

45. ਵੇਸ਼ੀਆ ਇਕ, ਤੇ ਮਰਦ ਅਨੇਕ,
ਛਿਣ, ਛਿਣ ਕਰਕੇ ਛਣ ਗਏ ਰਿਸ਼ਤੇ—
ਛਾਨਣੀ ਦੇ ਛੇਕਾਂ ਨੂੰ ਦੇਖ।

46. ਗਣਿਤ ਨਹੀਂ, ਪਿਆਰ ਹੈ ਦਰਸ਼ਨ—

47. ਯੁਵਕਾਂ ਨੂੰ ਕੰਮ ਲਾਓ,
ਅਰਥ, ਦਿਓ ਮੰਤਵ,
ਜ਼ਿੰਦਗੀ ਦੇ ਰਾਹ ਪਾਓ।

48. ਹਰ ਰਾਵਣ ਫੜ ਕੱਢੋ,
ਗੰਧਲੀ ਸਿਆਸਤ ਦਾ,
ਢਾਂਚਾ ਹੀ ਬਦਲ ਛੱਡੋ।

49. ਜ਼ਿੰਦਗੀ ਨੂੰ ਦਿਸ਼ਾ ਦਿਓ,
ਨਿਕਲੋ ਉਲਝਣ 'ਚੋਂ,
ਸ਼ਬਦਾਂ ਨੂੰ ਵਿਸ਼ਾ ਦਿਓ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

50. ਭਟਕਣ ਨੂੰ ਸੰਗ ਦੇਵੋ,
ਕੋਰੇ, ਚਿੱਟੇ ਪੰਨਿਆਂ ਨੂੰ
ਜ਼ਿੰਦਗੀ ਦੇ ਰੰਗ ਦੇਵੋ।

ਉਪਰੋਕਤ ਟੂਕਾਂ ਤੋਂ, ਦਾਲ ਵਿੱਚੋਂ ਦਾਣਾ ਟੋਹਣ ਵਾਂਗ, ਤੁਹਾਨੂੰ ਏਸ ਕਾਵਿ-ਨਾਟਕ ਦੀ ਵਿਸ਼ਾਲਤਾ, ਵਿਵਿਧਤਾ ਅਤੇ ਸਘਨਤਾ ਦਾ ਅਹਿਸਾਸ ਤਾਂ ਹੋ ਹੀ ਗਿਆ ਹੋਵੇਗਾ। ਕਾਵਿ-ਨਾਟਕ ਦਾ ਕੈਨਵਸ ਮਹਾਂਕਾਵਿਕੀ ਦਿਸ਼ਾਵਾਂ (Epic Dimensions) ਵਾਲਾ ਹੁੰਦਾ ਹੈ। ਇਕ ਤਰ੍ਹਾਂ ਨਾਲ ਇਹ ਮੰਚ ਉੱਤੇ, ਮਹਾਂ ਤਮਾਸ਼ਾ (Sepctacte) ਸਿਰਜ ਰਿਹਾ ਹੁੰਦਾ ਹੈ।

ਤਕਨੀਕ ਦੇ ਪੱਖੋਂ ਵੀ, ਮੇਰੇ ਪਹਿਲੇ ਕਾਵਿ-ਨਾਟਕਾਂ ਵਾਂਗ, "ਹੋਂਦ ਨਿਹੋਂਦ" ਜਿੱਥੇ ਆਧੁਨਿਕ ਟੀ.ਵੀ., ਵੀਡੀਓ, ਕੰਪਿਊਟਰ ਤੇ ਹੋਰ ਬਿਜਲਾਣੂੰ, ਕਾਢਾਂ ਦਾ ਸਫ਼ਲ ਪ੍ਰਯੋਗ ਕਰਦਾ ਹੈ, ਉੱਥੇ ਇਹ ਸੁਵਿਧਾਵਾਂ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ, ਦਰਸ਼ਨੀ ਪ੍ਰਭਾਵਾਂ ਦੁਆਰਾ ਸੁਜੀਵ/ਜ਼ਿੰਦਾ (Live) ਰੂਪ ਵਿਚ ਵੀ ਸਫਲਤਾ ਸਹਿਤ ਖੇਡਿਆ ਜਾ ਸਕਦਾ ਹੈ। ਰੌਸ਼ਨੀ ਅਤੇ ਧੁਨੀ ਪ੍ਰਭਾਵ ਇਸਦੀ ਪੇਸ਼ਕਾਰੀ ਨੂੰ ਚਾਰ ਚੰਨ ਲਾ ਸਕਦੇ ਹਨ। ਪ੍ਰਤੀਧੁਨੀਆਂ ਦੇ ਮਾਧਿਅਮ ਦੀ ਯੋਗ ਵਰਤੋਂ, ਇਸ ਕਾਵਿ-ਨਾਟਕ ਦੇ ਥੀਮਕ ਪਾਸਾਰਾਂ ਨੂੰ ਉਘਾੜ ਕੇ ਜਾਂ ਫੋਕਸ ਕਰਕੇ (ਹਾਈਲਾਈਟ ਕਰਕੇ) ਦਰਸ਼ਕਾਂ ਦੇ ਧਿਆਨ ਤੇ ਖਿੱਚ ਦਾ ਕੇਂਦਰ ਬਣਾ ਸਕਦੀ ਹੈ।

ਇਸ ਕਾਵਿ-ਨਾਟਕ ਨੂੰ ਮੈਂ 'ਮਾਹੀਏ' ਦੀ ਧੁਨ ਉੱਤੇ ਲਿਖੇ ਟੱਪਿਆਂ ਨਾਲ ਹੀ ਆਰੰਭ ਕੀਤਾ ਹੈ ਅਤੇ ਟੱਪਿਆਂ ਨਾਲ ਹੀ ਅੰਤ।

ਪ੍ਰਭਾਵ-ਉਸਾਰੀ ਲਈ, ਮੈਂ ਜਿੱਥੇ ਇਕ-ਪਾਤਰੀ ਦ੍ਰਿਸ਼ਾਂ ਵਿਚ, ਆਪਣੀਆਂ ਦੋ ਪ੍ਰਗੀਤਾਤਮਕ ਕਵਿਤਾਵਾਂ ਦੀ ਵਰਤੋਂ ਕੀਤੀ ਹੈ, ਉੱਥੇ ਬੁੱਲ੍ਹੇ ਸ਼ਾਹ ਦੀ ਇਕ ਕਾਫ਼ੀ ਦੇ ਇਕ ਬੰਦ ਨੂੰ ਵੀ ਵਰਤਿਆ ਹੈ।

ਆਪਣਾ ਪਹਿਲਾ ਕਾਵਿ-ਨਾਟਕ "ਬੀਮਾਰ ਸਦੀ" ਮੈਂ 1974 ਵਿਚ ਪ੍ਰਕਾਸ਼ਤ ਕੀਤਾ ਸੀ ਅਤੇ ਇਹ 1976 ਵਿਚ ਖੇਡਿਆ ਗਿਆ ਸੀ। "ਹੋਂਦ ਨਿਹੋਂਦ" ਮੈਂ 2016 ਵਿਚ ਪ੍ਰਕਾਸ਼ਤ ਕਰ ਰਿਹਾ ਹਾਂ। ਇਸ ਕਾਵਿ-ਨਾਟਕ ਦੇ ਛਪਣ ਨਾਲ ਮੇਰੀ ਕਾਵਿ-ਨਾਟ-ਯਾਤਰਾ ਦੇ 42 ਸਾਲ ਪੂਰੇ ਹੋ ਜਾਂਦੇ ਹਨ।

ਇਸ ਕਾਵਿ-ਨਾਟਕ ਨੂੰ ਖੇਡਣ ਲਈ ਮੇਰੀ ਲਿਖਤੀ ਆਗਿਆ ਦੀ ਲੋੜ ਨਹੀਂ।

–ਰਵਿੰਦਰ ਰਵੀ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

"ਹੋਂਦ ਨਿਹੋਂਦ" : ਮੂਲ ਪਾਠ

"ਹੋਂਦ ਨਿਹੋਂਦ" ਦੇ ਪਾਤਰ

ਕੋਰਸ ਦੇ ਪਾਤਰ (ਟੋਲੀ-1, ਟੋਲੀ-2)
ਔਰਤ
ਕਵੀ
ਇੱਕ
ਦੋ
ਕਵਿੱਤਰੀ
ਮਸਖਰਾ
ਮਸਖਰੀ
ਆਈਸਿਸ ਕਮਾਂਡਰ
ਆਈਸਿਸ ਸੈਨਿਕ-1
ਆਈਸਿਸ ਸੈਨਿਕ-2
ਝਾਕੀ-1 ਦੇ ਪਾਤਰ
ਝਾਕੀ-2 ਦੇ ਪਾਤਰ
ਝਾਕੀ-3 ਦੇ ਪਾਤਰ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ-ਦ੍ਰਿਸ਼-ਕ੍ਰਮ ਅਤੇ ਪਾਤਰ

ਨਾਟ-ਦ੍ਰਿਸ਼-1	: ਕੋਰਸ ਦੇ ਪਾਤਰ (ਟੋਲੀ-1, ਟੋਲੀ-2), ਔਰਤ
ਨਾਟ-ਦ੍ਰਿਸ਼-2	: ਕਵੀ
ਨਾਟ-ਦ੍ਰਿਸ਼-3	: ਇੱਕ, ਦੋ, ਔਰਤ
ਨਾਟ-ਦ੍ਰਿਸ਼-4	: ਕਵਿੱਤਰੀ
ਨਾਟ-ਦ੍ਰਿਸ਼-5	: ਇੱਕ, ਦੋ, ਔਰਤ
ਨਾਟ-ਦ੍ਰਿਸ਼-6	: ਕਵੀ, ਮਸਖਰਾ, ਕਵਿੱਤਰੀ
ਨਾਟ-ਦ੍ਰਿਸ਼-7	: ਔਰਤ, ਇੱਕ, ਦੋ
ਨਾਟ-ਦ੍ਰਿਸ਼-8	: ਆਈਸਿਸ ਕਮਾਂਡਰ, ਆਈਸਿਸ ਸੈਨਿਕ-1, ਆਈਸਿਸ ਸੈਨਿਕ-2
ਨਾਟ-ਦ੍ਰਿਸ਼-9	: ਕਵੀ, ਝਾਕੀ-1 ਦੇ ਪਾਤਰ, ਝਾਕੀ-2 ਦੇ ਪਾਤਰ, ਝਾਕੀ-3 ਦੇ ਪਾਤਰ, ਇੱਕ, ਦੋ, ਔਰਤ
ਨਾਟ-ਦ੍ਰਿਸ਼-10	: ਮਸਖਰਾ, ਮਸਖਰੀ
ਨਾਟ-ਦ੍ਰਿਸ਼-11	: ਕਵੀ, ਕਵਿੱਤਰੀ
ਨਾਟ-ਦ੍ਰਿਸ਼-12	: ਇੱਕ, ਦੋ, ਔਰਤ
ਨਾਟ-ਦ੍ਰਿਸ਼-13	: ਕੋਡਾ-ਇਸ ਕਾਵਿ-ਨਾਟਕ ਦੇ ਸਾਰੇ ਪਾਤਰ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ-ਦ੍ਰਿਸ਼-1

ਕੋਰਸ ਦੇ ਪਾਤਰ : ਟੋਲੀ-1, ਟੋਲੀ-2, ਔਰਤ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮੰਚ ਉੱਤੇ ਮੁਕੰਮਲ ਅਨ੍ਹੇਰਾ ਹੈ! ਪਿਛੋਕੜ ’ਚੋਂ ਢੋਲਕ, ਘੜਾ, ਹਾਰਮੋਨੀਅਮ ਅਤੇ ਹੋਰ ਸੰਗੀਤਕ ਸਾਜ਼ ਲੋਕਗੀਤ “ਮਾਹੀਆ” ਦੀਆਂ ਧੁਨਾਂ ਵਜਾ ਰਹੇ ਸੁਣਾਈ ਦਿੰਦੇ ਹਨ। ਚਾਨਣ ਹੁੰਦਿਆਂ ਹੀ ਇਸ ‘ਐਕਸ਼ਨ ਕੋਰਸ’ ਦੇ ਪਾਤਰ, ਦੋ ਟੋਲੀਆਂ ਵਿਚ, ਹੇਠ ਲਿਖੇ ਗੀਤ ਨੂੰ ਇਕ ਦੂਜੇ ਨੂੰ ਸੰਬੋਧਨ ਕਰਦੇ ਹੋਏ ਗਾਉਂਦੇ ਹਨ। ਸਿਨਮੈਟਿਕ, ਵੀਡੀਓ/ਟੀ.ਵੀ. ਤੇ ਕੰਪਿਊਟਰੀ ਜੁਗਤਾਂ ਦੁਆਰਾ, ਇਸ ਗੀਤ ਦੇ ਕਾਵਿ-ਨਾਟਕੀ ਬਿੰਬਾਂ ਤੇ ਪ੍ਰਤੀਕਾਂ ਵਿਚ ਸੁਝਾਏ ਕਾਰਜ ਨੂੰ ਪਿੱਠਭੂਮੀ ਦੇ ਪਰਦੇ ਉੱਤੇ ਦਿਖਾਇਆ ਜਾ ਸਕਦਾ ਹੈ। ਇਸ ਨੂੰ ਜ਼ਿੰਦਾ/ਸੁਜੀਵ (Live) ਰੂਪ ਵਿਚ ਵੀ ਪੇਸ਼ ਕੀਤਾ ਜਾ ਸਕਦਾ ਹੈ। ਦਰਸ਼ਨੀ ਪ੍ਰਭਾਵਾਂ (Visuals) ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

ਟੋਲੀ-1

ਰੁਖ ਬਦਲੇ ਹਵਾਵਾਂ ਦੇ—
ਰਾਹਾਂ ਵਿਚ ਰਾਹ ਖੜ੍ਹ ਗਏ,
ਪੱਤ ਝੜ ਗਏ ਨੇ ਛਾਵਾਂ ਦੇ।

ਟੋਲੀ-2

ਨਜ਼ਰਾਂ ਵਿਚ ਨਜ਼ਰ ਨਹੀਂ—
ਛਾਨਣੀ ’ਚੋਂ ਰੇਤ ਕਿਰ ਗਈ,
ਸਾਡੀ ਰਾਤ ਲਈ ਫ਼ਜਰ ਨਹੀਂ।

ਟੋਲੀ-1

ਖੰਭ ਟੁੱਟ ਗਏ ਨੇ ਤਿੱਤਰਾਂ ਦੇ—
ਅੰਬਰ ਬੇਅਰਥ ਹੋ ਗਿਆ,
ਰੁੱਸੇ ਮੇਲੇ ਮਿੱਤਰਾਂ ਦੇ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਟੋਲੀ–2

ਪੈਰਾਂ ਵਿਚ ਛਾਲੇ ਨੇ—
ਨਜ਼ਰਾਂ 'ਚ ਦਿਸ਼ਾ ਖੁੱਸ ਗਈ,
ਇਹ ਰਸਤੇ ਹਵਾਲੇ ਨੇ।

ਟੋਲੀ–1

ਸਭ ਦੀਪਕ ਬੁੱਝ ਚੱਲੇ—
ਮੱਥੇ ਵਿਚ ਨਹੀਂ ਰੌਸ਼ਨੀ,
ਇਸ ਰੁੱਤੇ ਨਾ ਮੌਤ ਟਲੇ।

ਟੋਲੀ–1 ਅਤੇ ਟੋਲੀ–2 (ਇਕੱਠੇ)

ਏਥੇ ਚੁੱਪ ਨਾ, ਸ਼ੋਰ ਨਹੀਂ—
ਝੱਖੜੀਂ ਪਤੰਗ ਟੁੱਟ ਗਈ,
ਸਾਡੇ ਹੱਥ ਵਿਚ ਡੋਰ ਨਹੀਂ।

–ਇਸ ਸਮੇਂ ਮੰਚ ਉੱਤੇ "ਔਰਤ" ਪਰਵੇਸ਼ ਕਰਦੀ ਹੈ। ਦੋਹਾਂ ਟੋਲੀਆਂ ਦੇ ਪਾਤਰ ਔਰਤ ਵਲਾਂ ਅਚੰਭੇ ਨਾਲ ਵੇਖਦੇ ਹਨ।
"ਔਰਤ" ਇਨ੍ਹਾਂ ਦੋਹਾਂ ਟੋਲੀਆਂ ਨੂੰ ਸੰਬੋਧਨ ਕਰਦੀ ਹੋਈ, "ਮਾਹੀਆ" ਗੀਤ ਅੱਗੇ ਤੋਰਦੀ ਹੈ।–

[1]ਔਰਤ

ਇਕ ਸੂਲ 'ਤੇ ਤ੍ਰੇਲ ਪਈ–
ਛਿਣ ਭਰ ਦੀ ਜ਼ਿੰਦਗੀ,
ਫੁੱਲਾਂ ਵਿਚ ਖੇਲ੍ਹ ਰਹੀ।

–"ਔਰਤ" ਇੱਕੋ ਸਮੇਂ ਦੋਹਾਂ ਟੋਲੀਆਂ ਅਤੇ ਦਰਸ਼ਕਾਂ ਨੂੰ ਸੰਬੋਧਨ ਕਰਦੀ ਹੋਈ, ਆਪਣਾ ਗੀਤਾ ਜਾਰੀ ਰੱਖਦੀ ਹੈ–

1. ਮੰਚ ਉੱਤੇ ਆਉਣ ਤੋਂ ਪਹਿਲਾਂ "ਔਰਤ" ਨੂੰ ਦਰਸ਼ਕਾਂ ਵਿਚ ਬਿਠਾਇਆ ਜਾ ਸਕਦਾ ਹੈ। ਇਸ ਸੂਰਤ ਵਿਚ ਉਹ ਦਰਸ਼ਕਾਂ ਵਿੱਚੋਂ ਉੱਠ ਕੇ, ਮੰਚ ਉੱਤੇ ਆਵੇਗੀ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਔਰਤ

ਕੋਈ ਮਰ ਕੇ ਵੀ ਨਾ ਮਰਿਆ–
ਬੀਜ ਵਿੱਚੋਂ ਰੁੱਖ ਜੰਮਿਆਂ,
ਅਤੇ ਮਾਂ ਵਿੱਚੋਂ ਪੁੱਤ ਤੁਰਿਆ।

–"ਟੋਲੀ-1" ਅਤੇ "ਟੋਲੀ-2" ਉਪ੍ਰੋਕਤ ਟੱਪਾ ਔਰਤ ਨਾਲ ਰਲਕੇ ਗਾਉਂਦੇ ਹਨ। ਪਿਛੋਕੜ 'ਚੋਂ ਉਪ੍ਰੋਕਤ ਟੱਪੇ ਦੀਆਂ ਪ੍ਰਤੀਧੁਨੀਆਂ ਗੂੰਜਦੀਆਂ ਹਨ।–

–ਫ਼ੇਡ ਆਊਟ–

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ-ਦ੍ਰਿਸ਼-2

ਕਵੀ

ਮੰਚ ਉੱਤੇ ਚਾਨਣ ਹੁੰਦਾ ਹੈ ਤਾਂ ਇਸ ਕਾਵਿ-ਨਾਟਕ ਦਾ "ਕਵੀ" ਪਾਤਰ ਮਨਬਚਨੀ ਵਿਚ ਪਿਆ ਨਜ਼ਰ ਆਉਂਦਾ ਹੈ।

ਕਵੀ

ਸਾਹਾਂ ਵਿਚ ਪੌਣ ਰੁਕੀ ਜੀਕੂੰ,
ਤੇ ਪਲਟੇ ਰੁਖ ਦਰਿਆਵਾਂ ਨੇ।
ਅੱਖਾਂ ਵਿਚ ਜ਼ਿੰਦਗੀ ਡੁੱਬ ਚੱਲੀ,
ਨਾ ਸੂਰਜ ਕਿਤੇ ਸ਼ੁਆਵਾਂ ਨੇ।

-ਵਕ਼ਫ਼ਾ-

ਇਸ ਬਾਗ਼ ਦੇ ਪੌਦੇ ਕੱਲੇ ਨੇ,
ਤੇ ਆਪਣੀ 'ਕੱਲ ਵਿਚ ਖੜ੍ਹ ਗਏ ਨੇ।
ਸਭ ਮੌਸਮ ਹੋਏ ਬੇਅਰਥ ਇੱਥੇ,
ਤੇ ਫੁੱਲ ਸੜ ਸੁਕ ਕੇ ਝੜ ਗਏ ਨੇ।

-ਵਕ਼ਫ਼ਾ-

ਸੋਕੇ ਵਿਚ ਬੀਜ ਨੇ, ਸੁਫ਼ਨੇ ਨੇ,
ਸੋਕੇ ਵਿਚ ਮੈਂ ਵੀ ਰੁਕਿਆ ਹਾਂ।
ਨਾ ਦ੍ਰਿਸ਼ਟੀ ਨਾ ਕੋਈ ਦਰਸ਼ਨ ਹੈ,
ਮੈਂ ਆਪਣੇ ਅੰਦਰ ਝੁਕਿਆ ਹਾਂ।

-ਵਕ਼ਫ਼ਾ-

-ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆ ਦੇਰ ਤਕ ਉੱਭਰਦੀਆਂ ਰਹਿੰਦੀਆਂ ਹਨ-

-ਵਕ਼ਫ਼ਾ-

–ਇਸ ਸਮੇਂ ਹੇਠ ਲਿਖੇ ਗੀਤ ਦੀਆਂ ਧੁਨਾਂ, ਪਿਛੋਕੜ ਵਿੱਚੋਂ ਉੱਭਰਦੀਆਂ ਹਨ। ਮੰਚ ਉੱਤੇ ਰੌਸ਼ਨੀਆਂ ਕ੍ਰਮਵਾਰ 'ਜੰਗੂ ਬੁਝੂੰ' ਅਤੇ ਅੱਖਾਂ ਚੁੰਧਿਆਉਣ ਵਾਲੇ ਫਲੈਸ਼ ਦੇ ਰੂਪ ਵਿਚ ਵੱਟਦੀਆਂ ਰਹਿੰਦੀਆਂ ਹਨ। ਹੇਠ ਲਿਖਿਆ ਗੀਤ ਜਿਵੇਂ "ਕਵੀ" ਪਾਤਰ ਦੇ ਸਿਰ ਚੜ੍ਹ, ਐਕਸ਼ਨ ਗੀਤ ਦੇ ਰੂਪ ਵਿਚ ਫੁਟ ਪੈਂਦਾ ਹੈ ! ਪਿੱਠਭੂਮੀ ਦੇ ਪਰਦੇ ਉੱਤੇ, ਸਿਨਮੈਟਿਕ ਤੇ ਵੀਡੀਓ/ਟੀ.ਵੀ. ਤਕਨੀਕ ਦੁਆਰਾ, ਇਸ ਗੀਤ ਵਿਚ ਵਰਤੇ ਬਿੰਬਾਂ ਤੇ ਚਿਨ੍ਹਾਂ ਦੁਆਰਾ ਸੁਝਾਏ ਨਾਟਕੀ ਕਾਰਜ ਨੂੰ, ਵਿਖਾਇਆ ਜਾ ਸਕਦਾ ਹੈ। ਦਰਸ਼ਨੀ ਪ੍ਰਭਾਵਾਂ [1] (Visuals) ਦੁਆਰਾ ਇਹ ਕਾਰਜ ਜ਼ਿੰਦਾ/ਸੁਜੀਵ (Live) ਰੂਪ ਵਿਚ ਵੀ ਪ੍ਰਸਤੁਤ ਕੀਤਾ ਜਾ ਸਕਦਾ ਹੈ। ਚੋਣਵੇਂ ਬੋਲਾਂ ਦੀਆਂ ਪ੍ਰਤੀਧੁਨੀਆਂ ਵੀ ਉਭਾਰੀਆਂ ਜਾ ਸਕਦੀਆਂ ਹਨ।–

ਕਵੀ

ਫੁੱਲਾਂ ਵਿਚ ਰੰਗ ਨਹੀਂ ਦਿਸਦੇ,
ਮਹਿਕਾਂ ਨੇ ਵੀ ਨਜ਼ਰ ਚੁਰਾਈ ਏ।
ਸਿਖਰਾਂ ਤੋਂ ਟੁੱਟੇ ਸੂਰਜ ਦੀ,
ਅੱਜ ਕੈਸੀ ਇਹ ਰੁਸ਼ਨਾਈ ਏ ?

ਅੱਖਾਂ ਵਿਚ ਅੰਬਰ ਸੁਕੜ ਗਏ,
ਸਭ ਰਸਤੇ ਸਾਥੋਂ ਵਿਛੜ ਗਏ।
ਗੁੰਝਲ ਵਿਚ ਸਭ ਦਿਸ਼ਾਵਾਂ ਨੇ,
ਚਿੰਤਨ ਨੇ ਨਜ਼ਰ ਭੁਆਈ ਏ।

ਬਾਹਰ ਵੀ ਤੁਰਿਆ ਨਹੀਂ ਜਾਂਦਾ,
ਅੰਦਰ ਵੀ ਮੁੜਿਆ ਨਹੀਂ ਜਾਂਦਾ।
ਇਸ ਹੋਂਦ, ਨਿਹੋਂਦ ਦੀ ਟੱਕਰ ਵਿਚ,
ਇਹ ਕੈਸੀ ਰੁੱਤ ਖਲਾਈ ਏ।

ਸ਼ਬਦਾਂ ਵਿਚ ਅਣ ਬਣ ਹੋ ਗਈ ਏ,
ਸ਼ੋਰਾਂ ਵਿਚ ਚੁੱਪ ਖੜੋ ਗਈ ਏ।
ਕੋਈ ਚੀਜ਼ ਵੀ ਆਪਣੇ ਥਾਂ ਸਿਰ ਨਹੀਂ,
ਗਰਦਸ਼ ਵਿਚ ਕੁਲ ਲੋਕਾਈ ਏ!

–ਉਪ੍ਰੋਕਤ ਬੰਦ ਦੇ ਸ਼ਬਦਾਂ ਦੀਆਂ ਪ੍ਰਤੀਧੁਨੀਆਂ ਗੂੰਜਦੀਆਂ ਹਨ।–

–ਫ਼ੇਡ ਆਊਟ–

1. ਇਹ ਇਕ-ਪਾਤਰੀ ਦ੍ਰਿਸ਼ ਨਿਰਦੇਸ਼ਕ ਅਤੇ ਅਦਾਕਾਰ ਲਈ ਚੁਣੌਤੀ ਹੈ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ–ਦ੍ਰਿਸ਼–3

ਇੱਕ
ਦੋ
ਔਰਤ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮੰਚ ਉੱਤੇ ਅਨ੍ਹੇਰਾ ਹੈ। ਸੰਗੀਤ ਦੀਆਂ ਹਲਕੀਆਂ ਹਲਕੀਆਂ ਧੁਨਾਂ ਉੱਭਰਦੀਆਂ ਹਨ। ਮੰਚ ਦੇ ਪਿਛਲੇ ਹਿੱਸੇ ਦੀ ਇਕ ਨੁੱਕਰ ਵਿਚ "ਔਰਤ" ਖੜੋਤੀ, ਚੋਰੀ ਚੋਰੀ "ਇਕ" ਅਤੇ "ਦੋ" ਨੂੰ ਆਪਣੀ ਦੋ-ਪਾਤਰੀ ਨਾਟਕੀ ਖੇਡ ਵਿਚ ਲੀਨ ਵੇਖਦੀ ਹੈ। ਨੀਮ-ਚਾਨਣਾਂ ਹੁੰਦਿਆਂ ਹੀ, ਮੰਚ ਉੱਤੇ ਧੂੰਏਂ ਦੇ ਪ੍ਰਭਾਵ ਉੱਭਰਦੇ ਹਨ। "ਇਕ" ਅਤੇ "ਦੋ" ਇਕ ਦੂਸਰੇ ਨੂੰ ਸੰਬੋਧਨ ਕਰਦੇ ਹੋਏ, ਆਪਣੀ ਨਾਟਕੀ ਖੇਡ ਆਰੰਭ ਕਰਦੇ ਹਨ।

ਇੱਕ

ਹੋਂਦ ਆਪਣੀ ਨੂੰ ਮੈਂ ਸਮਝਣ,
ਦਾ ਯਤਨ ਫਿਰ ਕਰ ਰਿਹਾ ਹਾਂ।

ਦੋ

ਫੇਰ ਧੂੰਆਂ ਫੜ ਰਿਹਾ ਹਾਂ।

ਇੱਕ ਅਤੇ ਦੋ (ਇਕੱਠੇ)

ਫੇਰ ਧੂੰਆਂ ਫੜ ਰਿਹਾ ਹਾਂ।

-'ਇੱਕ' ਅਤੇ 'ਦੋ' ਧੂੰਏਂ ਦੇ ਮਗਰ ਭੱਜਦੇ ਅਤੇ ਉਸ ਨੂੰ ਫੜਨ ਦਾ ਯਤਨ ਕਰਦੇ ਹੋਏ, ਇਕੱਠੇ ਬੋਲਦੇ ਹਨ-

ਫੇਰ ਧੂੰਆਂ ਫੜ ਰਿਹਾ ਹਾਂ
... ...
ਫੇਰ ਧੂੰਆਂ ਫੜ ਰਿਹਾ ਹਾਂ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕ਼ਫ਼ਾ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਇੱਕ

ਪਿਛਲੀਆਂ ਪੈੜਾਂ,
ਤੁਰਦੇ ਪੈਰਾਂ,

ਦੋ

ਆਉਂਦੀ ਸੋਅ ਵਲ ਜਾਂਦੀਆਂ ਨਜ਼ਰਾਂ,

ਇੱਕ ਅਤੇ ਦੋ (ਇਕੱਠੇ)

ਇਕ ਚੌਖਟ ਵਿਚ ਜੜ ਰਿਹਾ ਹਾਂ।

-ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।-

-ਵਕਫ਼ਾ-

ਇੱਕ

ਜੀਵਨ ਤੋਂ ਮੈਂ ਸੱਖਣਾ ਵੀ ਨਾ,
ਨਾ ਹੀ ਮੌਤ-ਵਿਹੂਣਾ ਜਾਪਾਂ,
ਕਿਸ 'ਵਸਥਾ ਨੂੰ ਵਰ ਰਿਹਾ ਹਾਂ ???

ਦੋ

ਮਿੱਟੀਓਂ ਉੱਸਰੀ ਸਿਖਰ ਦੇ ਉੱਤੋਂ-
ਝਰਨਾਂ ਹਾਂ ਇਕ,
ਝਰ ਰਿਹਾ ਹਾਂ।

ਇੱਕ

ਪਰਬਤ ਹਾਂ ਇਕ,
ਖਰ ਰਿਹਾ ਹਾਂ,

ਇੱਕ ਤੇ ਦੋ (ਇਕੱਠੇ)

ਮਿੱਟੀਓਂ ਉੱਸਰੀ ਸਿਖਰ ਦੇ ਉੱਤੋਂ-
ਝਰਨਾਂ ਹਾਂ ਇਕ,
ਝਰ ਰਿਹਾ ਹਾਂ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਪਰਬਤ ਹਾਂ ਇਕ,
ਖਰ ਰਿਹਾ ਹਾਂ !!!

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਇੱਕ

ਕੁੱਲ ਪ੍ਰਿੱਥਵੀ ਰੰਗ-ਭੂਮੀਂ ਮੇਰੀ-

ਦੋ

ਕੁਲ ਪ੍ਰਿਥਵੀ ਰੰਗ-ਭੂਮੀਂ ਮੇਰੀ-

ਇੱਕ ਤੇ ਦੋ (ਇਕੱਠੇ)

ਕੁਲ ਪ੍ਰਿੱਥਵੀ ਰੰਗ-ਭੂਮੀਂ ਮੇਰੀ,
ਹਵਾ ਵਾਂਗ, ਸਹਾਂ ਦੀ ਕਿਰਿਆ,
ਅਣ, ਕਣ 'ਤੇ ਮੈਂ ਧਰ ਰਿਹਾ ਹਾਂ !!!

-ਵਕਫ਼ਾ-

ਫੇਰ ਧੂੰਆਂ ਫੜ ਰਿਹਾ ਹਾਂ

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

ਇੱਕ

ਉਮਰ ਦੀ ਪ੍ਰਕਿਰਤੀ ਨੂੰ ਸ਼ਾਇਦ

ਦੋ

ਸ਼ਬਨਮ ਦੀ ਹੋਣੀ 'ਚੋਂ ਪਕੜਨ-

ਇੱਕ ਤੇ ਦੋ (ਇਕੱਠੇ)

ਉਮਰ ਦੀ ਪ੍ਰਕਿਰਤੀ ਨੂੰ ਸ਼ਾਇਦ,
ਸ਼ਬਨਮ ਦੀ ਹੋਣੀ 'ਚੋਂ ਪਕੜਨ
ਦਾ ਯਤਨ ਵੀ ਕਰ ਰਿਹਾ ਹਾਂ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਫੇਰ ਧੂੰਆਂ ਫੜ ਰਿਹਾ ਹਾਂ !
... ...
ਫੇਰ ਧੂੰਆਂ ਫੜ ਰਿਹਾ ਹਾਂ !!!

-ਇਸ ਦੋ-ਪਾਤਰੀ ਨਾਟਕੀ ਖੇਡ ਦੇ ਖਤਮ ਹੁੰਦਿਆਂ ਹੀ, ਮੰਚ ਉੱਤੇ ਪੂਰਨ ਚਾਨਣ ਹੋ ਜਾਂਦਾ ਹੈ। "ਔਰਤ" ਮੰਚ ਦੇ ਪਿਛਲੇ ਖੂੰਜੇ ਵਿੱਚੋਂ ਨਿਕਲ ਕੇ, ਇੱਕ ਅਤੇ ਦੋ ਦੇ ਸਨਮੁਖ ਹੁੰਦੀ, ਉਨ੍ਹਾਂ ਨੂੰ ਸੰਬੋਧਨ ਕਰਦੀ ਹੈ।-

ਔਰਤ

ਆਪਹੁਦਰੀਆਂ ਖੇਡਾਂ ਦੇ ਵਿਚ,
ਫੇਰ ਤੁਸੀਂ ਕਿਉਂ ਟੁੱਟ ਰਹੇ ਹੋ ?
ਆਪੇ ਜੀਵਨ, ਮੌਤ ਵੀ ਆਪੇ,
ਟੁਕੜੇ ਕਰ ਕਰ ਸੁੱਟ ਰਹੇ ਹੋ।

ਇੱਕ ਤੇ ਦੋ (ਇਕੱਠੇ)

ਖੇਡ ਹੈ ਜੀਵਨ,
ਇਕ ਮਸ਼ਕਰੀ
ਆਪੇ ਦੇ ਨਾਲ,
ਆਪ ਤਸਕਰੀ

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕ਼ਫ਼ਾ-

ਔਰਤ

ਬੱਚਿਆਂ ਵਾਲੀ ਖੇਡ ਤੁਹਾਡੀ,
ਪਾਣੀ ਵਿਚ ਮਧਾਣੀ ਜਾਪੇ।
ਜ਼ਿੰਦਗੀ ਤੁਹਾਨੂੰ ਰਾਸ ਨਾ ਆਈ,
ਮੌਤ ਦੀ ਅੱਖ ਵੀ ਕਾਣੀ ਜਾਪੇ।

ਇੱਕ

ਤੂੰ ਵੀ ਧੂੰਆਂ,
ਮੈਂ ਵੀ ਧੂੰਆਂ,
ਇਹ ਸਾਰਾ ਸੰਸਾਰ ਵੀ ਧੂੰਆਂ।

ਦੋ

ਹੁਸਨ ਵੀ ਧੂੰਆਂ,
ਨਾਰ ਵੀ ਧੂੰਆਂ।

ਇੱਕ ਤੇ ਦੋ (ਇਕੱਠੇ)

ਧੁੰਦੂਕਾਰ ਚੁਫੇਰੇ

-ਪ੍ਰਤੀਧੁਨੀਆਂ ਤੇ ਵਕ਼ਫ਼ਾ-

-ਇੱਕ ਤੇ ਦੋ ਆਪਣੇ ਬਚਨ ਜਾਰੀ ਰੱਖਦੇ ਹਨ-

ਇੱਕ ਤੇ ਦੋ (ਇਕੱਠੇ)

ਆਪ ਅਨਾਪ ਦੀ ਸਮਝ ਨਾ ਆਵੇ,

-"ਔਰਤ" ਨੂੰ ਸੰਬੋਧਨ ਕਰਦੇ ਹੋਏ-

ਕੀ ਅਰਥ ਤੇਰੇ ਤੇ ਮੇਰੇ ???

-ਵਕ਼ਫ਼ਾ-

ਪਲ, ਪਲ, ਅਸੀਂ ਬੇਅਰਥ ਹੋ ਰਹੇ,
ਨਾ ਵੱਸ ਤੇਰੇ, ਨਾ ਵੱਸ ਮੇਰੇ।

-ਵਕ਼ਫ਼ਾ-

-"ਇੱਕ" ਤੇ "ਦੋ" ਹੇਠ ਲਿਖੇ ਬੋਲ, ਫੇਰ, ਇਕੱਠੇ ਬੋਲਦੇ ਹਨ-

ਧੁੰਦੂਕਾਰ ਚੁਫੇਰੇ-

ਆਪ ਅਨਾਪ ਦੀ ਸਮਝ ਨਾ ਆਵੇ,
ਕੀ ਅਰਥ ਤੇਰੇ ਤੇ ਮੇਰੇ ?

-ਵਕ਼ਫ਼ਾ-

ਪਲ, ਪਲ ਅਸੀਂ ਵਿਅਰਥ ਹੋ ਰਹੇ,
ਨਾ ਵੱਸ ਤੇਰੇ, ਨਾ ਵੱਸ ਮੇਰੇ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕ਼ਫ਼ਾ-

-"ਔਰਤ" ਇੱਕੋ ਸਮੇਂ "ਇੱਕ", "ਦੋ" ਅਤੇ ਦਰਸ਼ਕਾਂ ਨੂੰ ਸੰਬੋਧਨ ਕਰਦੀ ਹੋਈ ਬੋਲਦੀ ਹੈ-

ਔਰਤ

ਆਪਣੇ ਅੰਦਰੋਂ ਬਾਹਰ ਨਿਕਲੋ,
ਵੇਖੋ ਹੁਸਨਾਂ ਦੀਆਂ ਬਹਾਰਾਂ।
ਧਰਤੀ ਤੇ ਅੰਬਰ ਨੂੰ ਮੇਲਣ,
ਏਸ ਯੁੱਗ ਦੀਆਂ ਚੰਚਲ ਨਾਰਾਂ !

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ–

–ਫ਼ੇਡ ਆਊਟ–

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ–ਦ੍ਰਿਸ਼–4

ਕਵਿੱਤਰੀ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮੰਚ ਉੱਤੇ ਚਾਨਣ ਹੁੰਦਾ ਹੈ, ਤਾਂ ਇਸ ਕਾਵਿ-ਨਾਟਕ ਦਾ "ਕਵਿੱਤਰੀ" ਪਾਤਰ ਮਨਬਚਨੀ ਵਿਚ ਪਿਆ ਵਿਖਾਈ ਦਿੰਦਾ ਹੈ।

ਕਵਿੱਤਰੀ

ਦਿਨ ਚੜ੍ਹਦਾ ਹੈ,
ਬੀਤ ਜਾਂਦਾ ਹੈ !

'ਹੋਣ', 'ਹੋਣ' ਕਰਦਾ ਹੈ ਬਹੁਤ ਕੁਝ,
ਹੁੰਦਾ ਕੁਝ ਵੀ ਨਹੀਂ

-ਵਕਫ਼ਾ-

ਮੈਂ ਹਾਂ,
ਮੇਰੀ ਛਾਂ ਹੈ,
ਹੋਰ ਕੁਝ ਵੀ ਨਹੀਂ !

-ਵਕਫ਼ਾ-

ਛਾਂ ਵੀ,
ਸੁਤੰਤਰ ਰੂਪ ਵਿਚ,
ਮੇਰੀ ਨਹੀਂ।
ਇਸ ਨੂੰ ਵੀ ਆਪਣੀ ਹੋਂਦ ਲਈ,
ਸੂਰਜ ਚਾਹੀਦਾ ਹੈ।

-ਵਕਫ਼ਾ-

ਸੂਰਜ ਸਭ ਦਾ ਹੁੰਦਿਆਂ ਹੋਇਆਂ ਵੀ,
ਕਿਸੇ ਇਕ ਦਾ ਨਹੀਂ !

–ਵਕਫ਼ਾ–

ਸੂਰਜ,
ਕੱਲਾ ਹੈ,
ਥਿਰ ਹੈ

–ਵਕਫ਼ਾ–

ਮੈਂ ਵੀ ਕੱਲੀ ਹਾਂ,
ਅਸਥਿਰ ਹਾਂ !

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।–

–ਵਕਫ਼ਾ–

–ਪਿਛੋਕੜ 'ਚੋਂ ਹੇਠ ਲਿਖੇ ਗੀਤ ਦੀਆਂ ਧੁਨਾਂ ਉੱਭਰਦੀਆਂ ਹਨ। ਮੰਚ ਉੱਤੇ ਰੌਸ਼ਨੀਆਂ ਕ੍ਰਮਵਾਰ ਜਗੂੰ ਬੁਝੂੰ ਅਤੇ ਚਕਾਚੌਂਧ ਕਰਨ ਵਾਲੇ ਚਾਨਣ ਦੇ ਫਲੈਸ਼ ਵਿਚ ਵਟਦੀਆਂ ਰਹਿੰਦੀਆਂ ਹਨ। ਇਸ ਗੀਤ ਦੇ ਬੋਲ "ਕਵਿੱਤਰੀ" ਪਾਤਰ ਦੇ ਸਿਰ ਚੜ੍ਹਕੇ ਬੋਲਦੇ ਹਨ। ਉਹ ਇਸ ਗੀਤ ਨੂੰ ਐਕਸ਼ਨ ਗੀਤ ਦੇ ਰੂਪ ਵਿਚ ਪ੍ਰਸਤੁਤ ਕਰਦੀ ਹੈ।
ਪਿੱਠਭੂਮੀ ਦੇ ਪਰਦੇ ਉੱਤੇ, ਇਸ ਗੀਤ ਦੇ ਪ੍ਰਤੀਕਾਂ ਅਤੇ ਬਿੰਬਾਂ ਰਾਹੀਂ ਸੁਝਾਏ ਕਾਰਜ ਨੂੰ, ਸਿਨਮੈਟਿਕ, ਵੀਡੀਓ/ਟੀ.ਵੀ. ਅਤੇ ਕੰਪਿਊਟਰੀ ਜੁਗਤਾਂ ਦੁਆਰਾ ਪਿੱਠਭੂਮੀ ਦੇ ਪਰਦੇ ਉੱਤੇ ਵੀ ਵਿਖਾਇਆ ਜਾ ਸਕਦਾ ਹੈ। ਇਸ ਕਾਰਜ ਨੂੰ ਦਰਸ਼ਨੀ ਪ੍ਰਭਾਵਾਂ ਅਤੇ ਉਨ੍ਹਾਂ ਦੀ ਅੰਤਰਕਿਰਿਆ ਦੁਆਰਾ ਸੁਜੀਵ/ਜ਼ਿੰਦਾ (Live) ਰੂਪ ਵਿਚ ਵੀ ਪ੍ਰਸਤੁਤ ਕੀਤਾ ਜਾ ਸਕਦਾ ਹੈ।

ਕਵਿੱਤਰੀ

ਨਾ ਮੀਤ ਰਹੇ, ਨਾ ਗੀਤ ਰਹੇ,
ਰੁੱਤਾਂ ਵਿਚ ਸਾਜ਼ਸ਼ ਹੋਈ ਹੈ।
ਅੱਖਰਾਂ ਵਿਚ ਟੁੱਟੇ ਸ਼ਬਦ ਜਿਵੇਂ,
ਅਰਥਾਂ 'ਚ ਬਗ਼ਾਵਤ ਹੋਈ ਹੈ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਇਸ ਰੁੱਤੇ ਸੂਰਜ ਨਹੀਂ ਚੜ੍ਹਦੇ।
ਇਸ ਰੁੱਤੇ ਦੀਪਕ ਨਹੀਂ ਜਗਦੇ।
ਹੁਣ ਦਿਨ ਤੇ ਰਾਤ 'ਚ ਫ਼ਰਕ ਨਹੀਂ,
ਇਹ ਜ਼ਿੰਦਗੀ ਜਿਵੇਂ ਖੜੋਈ ਹੈ।

ਚਿੰਤਨ ਵੀ ਏਥੇ ਨਹੀਂ ਮਘਦੇ।
ਸੋਚਾਂ ਦੇ ਮੇਲੇ ਨਹੀਂ ਲੱਗਦੇ।
ਪਰਬਤ ਹੈ ਖਲਾਅ ਦਾ ਸਿਰ ਉੱਤੇ,
ਪਲਕਾਂ 'ਚ ਕਲਪਨਾ ਖੋਈ ਹੈ !

ਪਿੱਛਾ ਵੀ ਤਾਂ ਅੱਗੇ ਨਹੀਂ ਆਂਦਾ !
ਅੱਗਾ ਵੀ ਅਗੇਰੇ ਨਹੀਂ ਜਾਂਦਾ !
ਇਹ ਟੱਕਰ ਹੈ ਕੋਈ ਸਮਿਆਂ ਦੀ,
ਜਿੰਦ ਟੁਕੜੇ, ਟੁਕੜੇ ਹੋਈ ਹੈ !

ਕਦੇ ਸ਼ੋਰ ਤੋਂ ਭੈ ਜਿਹਾ ਆਂਦਾ ਹੈ।
ਕਦੇ ਚੁੱਪ ਤੋਂ ਜੀ ਘਬਰਾਂਦਾ ਹੈ।
ਸੱਭਿਅਤਾ ਦੀ ਕੁਲ ਤਸਵੀਰ ਜਿਵੇਂ,
ਅੱਜ ਧੁੰਦ-ਧੂੰਏਂ ਵਿਚ ਖੋਈ ਹੈ।

ਨਾ ਮੀਤ ਰਹੇ, ਨਾ ਗੀਤ ਰਹੇ,
ਰੁੱਤਾਂ ਵਿਚ ਸਾਜ਼ਸ਼ ਹੋਈ ਹੈ।
ਅੱਖਰਾਂ ਵਿਚ ਟੁੱਟੇ ਸ਼ਬਦ ਜਿਵੇਂ,
ਅਰਥਾਂ 'ਚ ਬਗ਼ਾਵਤ ਹੋਈ ਹੈ।

–ਉਪ੍ਰੋਕਤ ਬੰਦ ਦੇ ਸ਼ਬਦਾਂ ਦੀਆਂ ਪ੍ਰਤੀਧੁਨੀਆਂ ਗੂੰਜਦੀਆਂ ਹਨ।–

–ਫ਼ੇਡ ਆਊਟ–

ਨੋਟ : ਇਹ ਇਕ-ਪਾਤਰੀ ਦ੍ਰਿਸ਼ ਨਿਰਦੇਸ਼ਕ ਅਤੇ ਅਦਾਕਾਰ ਲਈ ਚੁਣੌਤੀ ਹੈ!

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ–ਦ੍ਰਿਸ਼–5

ਇੱਕ
ਦੋ
ਔਰਤ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਪਿਛੋਕੜ 'ਚੋਂ "ਕਵੀ" ਦੇ "ਨਾਟ-ਦ੍ਰਿਸ਼-2" ਵਾਲੇ ਗੀਤ ਦੀਆਂ ਧੁਨਾਂ ਸੁਣਾਈ ਦਿੰਦੀਆਂ ਹਨ। ਨੀਮ-ਚਾਨਣੇ ਵਿਚ ਦੀਵਾਰ ਉੱਤੇ ਲਾਈ "ਕਵੀ" ਦੀ ਤਸਵੀਰ ਲਟਕ ਰਹੀ, ਵਿਖਾਈ ਦਿੰਦੀ ਹੈ। "ਇੱਕ" ਪਾਤਰ ਤਸਵੀਰ ਵਲ ਵੇਖਦਾ ਹੋਇਆ ਆਪਣਾ ਸੰਵਾਦ ਆਰੰਭ ਕਰਦਾ ਹੈ। ਮੰਚ ਉੱਤੇ ਮੁਕੰਮਲ ਚਾਨਣ ਹੈ।

ਇੱਕ

ਕਵੀ ਮਿੱਤਰ ਜੁ ਲਿਖੇ, ਮੈਂ ਜੀਵਾਂ ?
ਜਾਂ ਜੁ ਜੀਵਾਂ, ਉਹ ਕਾਵਿ ਬਣੇ ?

ਦੋ

ਦੋਹਾਂ ਸੂਰਤਾਂ ਵਿਚ ਇਹ ਜੀਵਨ,
ਕਵੀ ਬਣੇ ਤੇ ਕਾਵਿ ਜਣੇ।

ਔਰਤ

ਕਵੀ ਤਾਂ ਜੁ ਹੋਣਾ ਚਾਹੀਦਾ,
ਉਹ ਵੀ ਸਾਨੂੰ ਵਿਖਾਵੇ।
ਆਉਣ ਸਮੇਂ ਦੇ ਸੁਫਨੇ ਦੇਵੇ,
ਜੜ੍ਹਾਂ ਭੂਤ ਵਿਚ ਲਾਵੇ !

ਇੱਕ

ਅੱਜ, ਕੱਲ੍ਹ ਤੇ ਭਲਕ 'ਚ ਜੀਵੀਏ,
ਪੈਂਡੇ ਪਰ ਅਪਹੁੰਚ !

ਦੋ

ਜਿਊਣਾ ਤਾਂ ਇਕ ਭਰਮ ਹੈ ਮਿੱਤਰਾ,
'ਨਿਹੋਂਦ' ਅਸਾਡੀ ਪਹੁੰਚ।

-ਪਿਛੋਕੜ 'ਚੋਂ "ਇੱਕ" ਤੇ "ਦੋ" ਦੇ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

ਔਰਤ

ਧਰਤੀ ਵਾਂਗ ਹੀ ਸੱਚ ਹੈ ਔਰਤ,
ਸਭ ਦੀ ਕੁਲ ਚਲਾਵੇ।
ਰੁੱਤਾਂ ਦੇ ਨਾਲ ਮੱਥਾ ਲਾ ਕੇ,
ਭੋਂ ਨੂੰ ਬਾਗ਼ ਬਣਾਵੇ।

ਇੱਕ

ਰੁੱਤਾਂ ਦੇ ਵਿਚ ਗਿੜਦੀ, ਗਿੜਦੀ,
ਭੁਰ, ਭੁਰ ਜਿਵੇਂ ਵਿਅਰਥ ਹੋ ਰਹੀ,
ਮੇਰੀ ਹੋਂਦ, ਸਭ ਦੀ ਹੋਂਦ।

ਦੋ

ਜਿੱਧਰ ਤੱਕਾਂ, ਉੱਧਰ ਵੇਖਾਂ :
ਤਣੀਆਂ ਹਨ ਖਲਾਵਾਂ।
ਰੁੱਤ 'ਨਿਹੋਂਦ' ਦੀ,
ਪਲ, ਪਲ ਆ ਰਹੀ,
ਕਹਿੰਦੀਆਂ ਸੀਤ ਹਵਾਵਾਂ !!!

ਔਰਤ

ਧਰਤੀ, ਅੰਬਰ, ਸਾਗਰ, ਪੌਣਾਂ,
ਬਿੰਬ ਨੇ ਸਦਾ-ਸਥਾਈ।
ਸਭ ਸਮਿਆਂ ਵਿਚ ਸਦਾ ਟਿਕਣ ਲਈ,
ਮਾਨਵ-ਜਿੰਦ ਤਿਹਾਈ।

-ਵਕਫ਼ਾ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਸ਼ਮਾਨ ਇਸ ਪਿੰਡ ਵਿਚ ਵੱਸਦੀ,
ਬ੍ਰਹਮੰਡ ਦੀ ਰੁਸ਼ਨਾਈ !!!

-ਵਕਫ਼ਾ-

ਸਭ ਰੰਗਾਂ ਵਿਚ ਖੇਡੇ ਜ਼ਿੰਦਗੀ,
ਅੰਬਰੀਂ ਪੀਂਘ ਚੜ੍ਹਾਈ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

ਇੱਕ

ਸੁਪਨ, ਕਲਪਨਾ ਸੱਚ ਨਹੀਂ ਬਣਦੇ,
ਸਭ ਕੁਝ ਊਲ ਜਲੂਲ !

ਦੋ

ਬੀਤੀਏ ਅਸੀਂ ਅਬੀਤੇ ਵਾਂਗੂੰ,
ਜੱਗ, ਜੀਵਨ ਹਨ ਸਭ ਫ਼ਜ਼ੂਲ।

ਇੱਕ ਤੇ ਦੋ (ਇਕੱਠੇ)

ਮਿੱਤਰ ਕਵੀ ਵੀ ਲਿਖਦਾ ਜਾਵੇ,
ਇਹ ਹੀ ਸੱਚ ਕਹਾਣੀ।
ਬਾਕੀ ਸਭ ਸੁਫਨਾ, ਮਿਥਿਆ ਹੈ,
ਕਿਸ ਨੇ ਜਾਣੀ ? ਕਿਸ ਪਹਿਚਾਣੀ ?

-"ਔਰਤ", "ਇੱਕ" ਤੇ "ਦੋ", ਦੋਂਹਾਂ ਨੂੰ, ਅਤੇ ਦਰਸ਼ਕਾਂ ਨੂੰ ਇੱਕੋ ਸਮੇਂ ਸੰਬੋਧਨ ਕਰਦੀ ਹੈ-

ਔਰਤ

ਰੁੱਖ ਵਾਂਗ ਹੀ ਤਨ ਦੀਆਂ ਰੁੱਤਾਂ,
ਸਭ ਨੂੰ ਜੀਵੋ, ਸਭ ਨੂੰ ਮਾਣੋ।
ਉੱਗਦੇ, ਵਧਦੇ, ਫੁਲਦੇ, ਫਲਦੇ,
ਬੀਜ 'ਚੋਂ ਆਪਣਾ ਸੱਚ ਪਛਾਣੋਂ !!!

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆ ਉੱਭਰਦੀਆਂ ਹਨ-

-ਫ਼ੇਡ ਆਊਟ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ-ਦ੍ਰਿਸ਼-6

ਕਵੀ
ਮਸਖਰਾ
ਕਵਿੱਤਰੀ

ਮੰਚ ਉੱਤੇ ਅਨ੍ਹੇਰਾ ਹੈ। ਪਿਛੋਕੜ ਵਿੱਚੋਂ ਸੰਗੀਤ ਦੀਆਂ ਧੁਨਾਂ ਉੱਭਰਦੀਆਂ ਹਨ। ਇਹ ਧੁਨਾਂ ਇਕ ਦੂਜੇ ਦਾ ਵਿਰੋਧ ਹਨ। ਰਲਕੇ ਸਮਤੋਲ ਰਾਗਣੀ ਨਹੀਂ ਬਣਦੀਆਂ। ਟੁੱਟਦੀਆ, ਖਿੰਡ ਜਾਂਦੀਆਂ ਹਨ।

ਮੰਚ ਉੱਤੇ ਚਾਨਣ ਪਰਤਦਾ ਹੈ, ਤਾਂ ਕਵੀ ਆਪਣੇ ਡਰਾਇੰਗ ਰੂਮ ਵਿਚ ਕਿਤਾਬਾਂ, ਅਖ਼ਬਾਰਾਂ, ਮੈਗਜ਼ੀਨਾਂ, ਰੇਡੀਓ ਤੇ ਟੀ.ਵੀ. ਵਿਚ ਘਿਰਿਆ ਬੈਠਾ ਹੈ। ਉਹ ਆਪਣੇ ਲੈਪਟਾਪ ਕੰਪਿਊਟਰ ਦੇ ਕੀ-ਬੋਰਡ ਉੱਤੇ ਅੰਨ੍ਹੇਵਾਹ ਉਂਗਲਾਂ ਮਾਰ ਰਿਹਾ ਹੈ। ਪਰ ਲੈਪਟਾਪ ਆਨ (ON) ਨਹੀਂ ਹੈ। ਉਸ ਦੀ ਸਕਰੀਨ ਕਾਲੀ ਤੇ ਖਾਲੀ ਹੈ। ਆਪਣੀਆਂ ਉਂਗਲਾਂ ਦੀ ਹਰਕਤ ਦੀ ਊਲਜਲੂਲਤਾ ਵਿਚ ਉਲਝਿਆ, ਉਹ ਲੈਪਟਾਪ ਦੀ ਅਨ੍ਹੇਰੀ ਸਕਰੀਨ ਤੋਂ ਪਾਰ, ਖਲਾਅ ਨੂੰ ਘੂਰ ਰਿਹਾ ਹੈ। ਮਨਬਚਨੀ ਵਿਚ ਪੈ ਜਾਂਦਾ ਹੈ—

ਕਵੀ

ਲੋਕੀਂ ਕਹਿੰਦੇ ਸੋਚ ਦਾ ਯੁੱਗ ਹੈ,
ਇਸ ਲਈ ਮੈਂ ਵੀ ਸੋਚ ਰਿਹਾ ਹਾਂ।
'ਹੋਂਦ', 'ਨਿਹੋਂਦ' ਦਾ ਗੰਢ-ਵਲੇਵਾਂ,
ਆਪਣਾ ਆਪਾ ਨੋਚ ਰਿਹਾ ਹਾਂ।

-ਵਕਫ਼ਾ-

ਸ਼ੀਸ਼ਾ ਪੁੱਠਾ ? ਕਿ ਮੈਂ ਪੁੱਠਾ ?
ਆਪਣੇ ਅੰਦਰ ਲਟਕ ਰਿਹਾ ਹਾਂ।
ਜੀਵਨ ਨੂੰ, ਜੀਵਣ ਦੀ ਥਾਵੇਂ,
ਮ੍ਰਿਗਜਲੀ ਵਿਚ ਭਟਕ ਰਿਹਾ ਹਾਂ।

-ਇਸ ਸਮੇਂ ਮੰਚ ਉੱਤੇ "ਮਸਖਰਾ" ਪਰਵੇਸ਼ ਕਰਦਾ ਹੈ। "ਕਵੀ" ਆਪਣਾ ਸੰਵਾਦ ਜਾਰੀ ਰੱਖਦਾ ਹੈ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**
IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਕਵੀ

ਕਿੱਥੋਂ ਆਏ ? ਕਿੱਥੇ ਜਾਣਾ ?
ਕੀ ਮਕਸਦ ? ਕੀ ਅਰਥ ਮੇਰਾ ?
ਥਲ ਦੀ ਹੋਂਦ ਤੇ ਜਲ ਦੀ ਇੱਛਾ,
ਬਿਨ-ਉੱਤਰੇ ਪ੍ਰਸ਼ਨਾਂ ਦਾ ਘੇਰਾ !!!

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

ਮਸਖਰਾ

-"ਕਵੀ" ਨੂੰ ਸੰਬੋਧਨ ਕਰਦਾ ਹੋਇਆ ਬੋਲਦਾ ਹੈ-

ਸੋਚਾਂ ਵਿਚ ਕਿਉਂ ਵਿਚਰ ਰਿਹਾ ਹੈਂ ?
ਆਪਣੇ ਅੰਦਰ ਬਿਖਰ ਰਿਹਾ ਹੈਂ !!!
ਆਪਣੇ ਪੈਰੀਂ ਆਪੇ ਢੱਠਾ,
ਤੂੰ ਤਾਂ ਆਪਣੀ ਸਿਖਰ ਰਿਹਾ ਹੈਂ !

-"ਮਸਖਰਾ" ਦਰਸ਼ਕਾਂ ਨੂੰ ਸੰਬੋਧਨ ਕਰਦਾ ਹੋਇਆ ਵਿਅੰਗਾਤਮਕ ਅੰਦਾਜ਼ ਵਿਚ ਬੋਲਦਾ ਹੈ-

ਸਿਖਰ 'ਤੇ ਬੈਠੇ ਸਭ ਬੀਮਾਰ।
ਆਪੇ ਨੂੰ ਆਪੇ ਦੀ ਮਾਰ।
ਚਿੰਤਾ, ਹਉਮੈਂ ਭੋਜ ਇਨ੍ਹਾਂ ਦਾ,
ਅੰਦਰ ਬਾਹਰ ਨੇ ਅੰਗਿਆਰ!

ਕਵੀ

ਅੱਗ ਖਾਵਣ, ਅੱਗ ਪੀਵਣ ਏਥੇ,
ਜੀਵਨ ਅਗਨ-ਦੁਆਰ !
ਆਪੇ ਤੋਂ ਆਪੇ ਤਕ ਵਿਚਰੇ,
ਇਹ ਸਾਰਾ ਸੰਸਾਰ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। "ਮਸਖਰਾ" ਹੱਥ ਵਿੱਚ ਫੜੇ ਹੋਏ ਲੋਟੇ ਵਲ ਵੇਖਦਾ ਹੋਇਆ, ਅਜੀਬ ਅਜੀਬ ਹਰਕਤਾਂ ਕਰਦਾ ਹੈ। ਮਸਖਰੀਆਂ ਕਰਦਾ, ਤਰ੍ਹਾਂ ਤਰ੍ਹਾਂ ਦੇ ਮੂੰਹ ਬਣਾਉਂਦਾ ਹੈ। ਇੱਕੋ ਸਮੇਂ "ਕਵੀ" ਤੇ ਦਰਸ਼ਕਾਂ ਨੂੰ ਸੰਬੋਧਨ ਕਰਦਾ ਹੈ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮਸਖਰਾ

ਵਗਦਾ ਪਾਣੀ, ਖਾਲੀ ਲੋਟਾ !

-ਕਵੀ ਵਲ ਇਸ਼ਾਰਾ ਕਰਦਾ ਹੋਇਆ-

ਤਨ ਦਾ ਪਤਲਾ, ਅਕਲ ਦਾ ਮੋਟਾ।
ਲੱਖ ਕਰੋੜ 'ਚ ਚੱਲਣਾ ਚਾਹੇ,
ਵੇਖੋ ਕਿਵੇਂ ਰੁਪਈਆ ਖੋਟਾ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-"ਕਵੀ" ਵਲ ਇਸ਼ਾਰਾ ਕਰਦਾ ਹੋਇਆ, ਦਰਸ਼ਕਾਂ ਨੂੰ ਸੰਬੋਧਨ ਕਰਦਾ ਹੈ-

ਮਸਖਰਾ

ਇਕ ਨੂੰ ਛੱਡ, ਦੂਜੀ ਵਲ ਭੱਜੇ,
ਮੇਲ ਇਹਦਾ ਜਿਉਂ ਗਾਂ ਤੇ ਝੋਟਾ।
ਯਭਲੀਆਂ ਨੂੰ ਇਹ ਕਹੇ ਫ਼ਲਸਫ਼ਾ,
ਆਪਣੇ ਸਿਰ ਖੁਦ ਮਾਰੇ ਸੋਟਾ।

ਕਵੀ

ਆਪਣੇ ਅੰਦਰੋਂ, ਬਾਹਰ ਆ।
ਆਪੂੰ ਹੱਸ ਤੇ ਜਗਤ ਹਸਾ।
ਬੇਥਵੀਆਂ ਦੀ ਦਲਦਲ ਛੱਡਕੇ,
ਸੂਰਜ ਬਣ, ਰਸਤਾ ਦਿਖਲਾ।

ਮਸਖਰਾ

ਸੂਰਜ ਤੇਰਾ ਠੰਡਾ ਹੋਇਆ,
ਵਾਦ, ਵਿਵਾਦ ਵੀ ਨੇ ਗੁਮਰਾਹ।
ਮਨ ਦੇ ਰਸਤੇ ਬੰਦ ਕਰ ਸਾਰੇ,
ਬਣਨਾਂ ਚਾਹੇਂ ਤੂੰ ਸ਼ਾਹਰਾਹ !

-ਵਕਫ਼ਾ-

ਪੁੱਤਰ ਪੈਦਾ ਹੋਣ ਤੋਂ ਪਹਿਲਾਂ,
ਚਾਹੀਦਾ ਤੈਨੂੰ ਪੋਤਾ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਗੁੰਡੀ ਰੰਨ ਪ੍ਰਧਾਨ ਹੈ ਏਥੇ,
ਸੱਤਾ ਵਿਚ ਹੈ ਆਇਆ ਖੋਤਾ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

ਕਵੀ

ਸੱਤਾ ਨੂੰ ਸੱਤਾ ਦੀ ਭੁੱਖ ਹੈ,
ਰਸਤੇ ਉਲਝੇ ਵਿਚ ਦਿਸ਼ਾਵਾਂ।
ਆਪੋ ਆਪਣਾ ਰਾਗ ਅਲਾਪਣ,
ਸੁਆਰਥ-ਭਿੱਜੀਆਂ ਵਗਣ ਹਵਾਵਾਂ।

-ਵਕਫ਼ਾ-

ਕੰਪਿਊਟਰ ਦੇ ਇਸ ਯੁੱਗ ਅੰਦਰ,
ਬੱਚੇ ਬਣਦੇ ਪਏ ਮਸ਼ੀਨਾਂ।
ਵਿਚ ਖਲਾਅ ਦੇ ਵਿਚਰ ਰਹੇ ਨੇ,
ਖਿਸਕੀਆਂ, ਪੈਰਾਂ ਹੇਠ ਜ਼ਮੀਨਾਂ !

-ਵਕਫ਼ਾ-

ਤੇਰ, ਮੇਰ ਵਿਚ ਕਾਂਵਾਂ ਰੌਲੀ,
ਸ਼ੋਰਾਂ ਅੰਦਰ, ਗੁੰਮ ਗਈ ਬਾਣੀ।
ਤੁਰਨੋਂ ਪਹਿਲਾਂ ਖੜ੍ਹਦੀ ਜਾਪੇ,
ਖਪਤ-ਯੁੱਗ ਦੀ ਅਜਬ ਕਹਾਣੀ।

ਮਸਖਰਾ

ਕਵਿਤਾ ਤੇਰੀ ਭੰਬਲ ਭੂਸਾ,
ਗੱਲਾਂ ਤੇਰੀਆਂ ਊਲ ਜਲੂਲ।
ਤੇਰੇ ਮੂੰਹ ਵਿਚ ਖਿੱਲਾਂ ਭੁੱਜਣ,
ਸੁਫਨੇ ਤੇਰੇ ਬਣੇ ਫ਼ਜ਼ੂਲ।

-ਵਕਫ਼ਾ-

-ਦਰਸ਼ਕਾਂ ਨੂੰ ਸੰਬੋਧਨ ਕਰਦਾ ਹੋਇਆ, "ਮਸਖਰਾ" ਅਪਣਾ ਸੰਵਾਦ ਜਾਰੀ ਰੱਖਦਾ ਹੈ-

ਅੱਜ ਦਾ ਮਾਨਵ ਪੁੱਠੀ ਮੱਤ ਹੈ,
ਬਾਲੇ ਅੱਗ ਤੇ ਬਰਫ਼ਾਂ ਲੋੜੇ।

ਸਭ ਨੂੰ ਮਾਖਿਓਂ ਵੰਡਣਾ ਚਾਹੇ,
ਮੂੰਹ 'ਚੋਂ ਸ਼ਬਦ ਨਿਕਲਦੇ ਕੌੜੇ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। ਇਸ ਸਮੇਂ "ਮਸਖਰੇ" ਦੇ ਬੋਲਾਂ ਨੂੰ ਸੁਣਦੀ ਹੋਈ, ਮੰਚ ਉੱਤੇ ਕਵਿੱਤਰੀ ਪਰਵੇਸ਼ ਕਰਦੀ ਹੈ। "ਮਸਖਰਾ" ਦਰਸ਼ਕਾਂ ਨੂੰ ਸੰਬੋਧਨ ਕਰਦਾ ਹੋਇਆ ਆਪਣਾ ਸੰਵਾਦ ਜਾਰੀ ਰੱਖਦਾ ਹੈ-

ਮਸਖਰਾ

ਬੋਲਾ ਰਾਜਾ, ਅੰਨ੍ਹੀਂ ਰਾਣੀ,
ਪਰਜਾ ਗੁੰਗਿਆਂ ਦੀ ਹੈ ਢਾਣੀ।
ਤਸਕਰਾਂ, ਅਫ਼ਸਰਾਂ ਦੀ ਪੌਂ ਬਾਰਾਂ,
ਮੁਨਸਫ਼ ਦੀ ਵੀ ਅੱਖ ਹੈ ਕਾਣੀ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। "ਮਸਖਰੇ" ਦੀਆਂ ਝੱਲ-ਵਲੱਲੀਆਂ ਨੂੰ ਨਜ਼ਰ-ਅੰਦਾਜ਼ ਕਰਦੀ ਹੋਈ "ਕਵਿੱਤਰੀ", "ਕਵੀ" ਨੂੰ ਸੰਬੋਧਨ ਕਰਦੀ ਹੈ-

ਕਵਿੱਤਰੀ

ਸੋਚ ਦੀ ਗੂੜ੍ਹੀ ਨੀਂਦਰ ਵਿੱਚੋਂ,
ਖੁਦ ਵੀ ਜਾਗ ਤੇ ਸ਼ਬਦ ਜਗਾ।
ਕਲਪਨਾ-ਸ਼ਕਤੀ, ਕਲਮ ਵੀ ਆਪਣੀ,
ਕਰਮ ਬਣਾ, ਕਾਰਜ ਬਣ ਜਾ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਤੇਰੇ ਸੌਂਹੇਂ ਆਣ ਖੜ੍ਹੀ ਹਾਂ,
ਲਟ ਲਟ ਮਚਦੀ ਹਾਂ ਮੈਂ ਜਵਾਲਾ।
ਸੱਤਰੰਗੀਆਂ ਦੋਮੇਲ ਦੇ ਉੱਤੇ,
ਮੈਨੂੰ ਆਪਣਾ ਅਰਥ ਬਣਾ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। "ਕਵੀ" ਨੂੰ ਸੰਬੋਧਨ ਕਰਦਾ ਹੋਇਆ, "ਮਸਖਰਾ", "ਕਵਿੱਤਰੀ" ਵਲ ਇਸ਼ਾਰਾ ਕਰਕੇ ਬੋਲਦਾ ਹੈ-

ਮਸਖਰਾ

ਇਸ ਨੂੰ ਆਪਣਾ ਅਰਥ ਬਣਾ,
ਇਸਦੀ ਅੱਗ ਵਿਚ ਸੜ ਬਲ ਜਾ।

–"ਮਸਖਰਾ" ਫਲਸਫਾਨਾਂ ਅੰਦਾਜ਼ ਵਿਚ ਆਪਣਾ ਸੰਵਾਦ ਜਾਰੀ ਰੱਖਦਾ ਹੈ–

ਹੋਂਦ ਤੇਰੀ ਨੂੰ ਮਸਕਦ ਮਿਲ ਜਾਊ,
ਕਾਵਿ ਵੀ ਤੇਰਾ ਬਣੂੰ ਫਲਸਫਾ !

–"ਮਸਖਰਾ" ਹੱਸਦਾ, ਨੱਚਦਾ, ਟੱਪਦਾ ਅਤੇ ਆਪਣੇ ਅਭਿਨਯ ਦੁਆਰਾ ਮਸਖਰੀਆਂ ਕਰਦਾ ਹੈ। ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। "ਕਵੀ" ਤੇ "ਕਵਿੱਤਰੀ" ਉਸ ਵਲਾਂ ਬਿਟਰ, ਬਿਟਰ ਵੇਖਦੇ ਹਨ–

–ਵਕਫ਼ਾ–

–ਇਸ ਸਮੇਂ "ਮਸਖਰਾ" ਦਰਸ਼ਕਾਂ ਨੂੰ ਸੰਬੋਧਨ ਕਰਦਾ ਹੈ। "ਕਵੀ" ਅਤੇ "ਕਵਿੱਤਰੀ" ਅਚੰਭਾ ਬਣੇ, ਇਕ ਦੂਜੇ ਵਲਾਂ, ਦਰਸ਼ਕਾਂ ਅਤੇ "ਮਸਖਰੇ" ਵਲਾਂ ਵੇ ਖਦੇ ਹਨ–

ਮਸਖਰਾ

ਮਸਖਰਾ ਅੱਜ ਪੈਗ਼ੰਬਰ ਬਣਿਆਂ,
ਫੰਡਰ ਗਾਂ ਨੇ ਬਛੜਾ ਜਣਿਆਂ।
ਹਾ, ਹਾ, ਹਾ–
ਹਾ, ਹਾ, ਹਾ–
... ...
ਟਾ, ਟਾ, ਟਾ–
ਟਾ, ਟਾ, ਟਾ–

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। "ਮਸਖਰਾ" ਸਭ ਨੂੰ ਵਿਦਾ ਕਹਿੰਦਾ ਹੋਇਆ, ਮੰਚ ਤੋਂ ਬਾਹਰ ਚਲੇ ਜਾਂਦਾ ਹੈ–

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ–ਦ੍ਰਿਸ਼–7

ਔਰਤ
ਇੱਕ
ਦੋ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮੰਚ ਉੱਤੇ ਚਾਨਣ ਹੁੰਦਿਆਂ ਹੀ "ਔਰਤ" ਇੱਕੋ ਸਮੇਂ "ਇੱਕ" ਅਤੇ "ਦੋ" ਨੂੰ ਸੰਬੋਧਤ ਹੁੰਦੀ ਹੈ- (ਚੋਣਵੇਂ ਸੰਵਾਦਾਂ ਦੀਆਂ ਪ੍ਰਤੀਧੁਨੀਆਂ ਵੀ ਉਭਾਰੀਆਂ ਜਾ ਸਕਦੀਆ ਹਨ।)

ਔਰਤ

ਗੁੰਬਦ ਬਣਿਆਂ ਕਿਉਂ ਬੈਠਾ ?
ਕੀ ਸੋਚ ਰਿਹਾ ਹੈਂ ?
ਆਪਣੀ ਨਜ਼ਰੇ, ਆਪੇ ਫਟਿਆ,
ਆਪਣਾ ਆਪਾ ਨੋਚ ਰਿਹਾ ਹੈਂ !

ਇੱਕ

ਰੁੱਖ ਤੋਂ ਰੁੱਖ ਤਕ ਅਗਨ ਫੈਲ ਕੇ,
ਦਾਵਾਨਲ ਹੁਣ ਬਣ ਚੁੱਕੀ ਹੈ।
ਭੂਗੋਲੇ 'ਤੇ ਮੌਤ ਦਾ ਮੌਸਮ,
ਸੱਤਾ ਦੇ ਵਿਚ ਠਣ ਚੁੱਕੀ ਹੈ।

ਦੋ

ਤੱਤੀਆਂ ਲੂੰਆਂ, ਉੱਡਦੇ ਰੇਤੇ,
ਥਲ ਦੇ ਮੌਸਮ ਚਾਰ ਚੁਫੇਰੇ।
ਰੁੱਤ ਸੁਖਾਵੀਂ, ਨਾ ਹੀ ਨੀਤੀ,
ਪਾਣੀ, ਪੌਣ ਸਭ ਸ਼ੰਕੇ ਘੇਰੇ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਇੱਕ

ਪੌਣਾਂ ਵਿਚ ਜ਼ਹਿਰਾਂ ਦਾ ਵਾਸਾ,
ਪਾਣੀ ਵੀ ਪ੍ਰਦੂਸ਼ਤ ਹੋਇਆ।
ਚਾਰ ਚੁਫੇਰੇ ਮੌਤ ਦਾ ਪਹਿਰਾ,
ਜਿਊਣਾ ਹਰ ਪਲ ਮੁਸ਼ਕਿਲ ਹੋਇਆ।

ਦੋ

ਅੰਬਰੋਂ ਬਰਫ਼ਾਂ ਢਹਿ ਪਈਆਂ ਤੇ
ਕਿਧਰੇ ਹੈ ਸੁਨਾਮੀਂ ਆਈ।
ਤੂਫਾਨੀ ਪੌਣਾਂ ਤੇ ਝੱਖੜ,
ਕਿਧਰੇ ਸੋਕਾ, ਧਰਤ ਤਿਹਾਈ।

-ਵਕਫ਼ਾ-

ਇੱਕ

ਵਿਚ ਦਰਾੜਾਂ ਪਾਟੀ ਧਰਤੀ,
ਜੀਵਨ 'ਤੇ ਐਸੀ ਰੁੱਤ ਆਈ।
ਪਾਣੀ ਮਾਰੇ, ਬਰਫ਼ਾਂ ਮਾਰਨ,
ਘਿਰੀ ਵਰੋਲੇ, ਲੂਅ, ਲੋਕਾਈ।

-ਵਕਫ਼ਾ-

ਔਰਤ

ਤੇਰੀ ਨੀਤੀ ਤੇਰੇ ਅੰਦਰ,
ਤੇਰੇ ਵਿਚ ਰੁੱਤਾਂ ਦਾ ਵਾਸਾ।
ਫਿਰ ਵੀ ਦੱਸ ਤੂੰ,
ਕਿਉਂ ਹੈਂ ਪਿਆਸਾ ?

ਇੱਕ

ਨੀਤੀ ਤੇ ਮੌਸਮ ਵਿਚ ਬਦਲੀ,
ਕਿਹੜਾ ਨਾਲ ਖਲੋ ਸਕਦਾ ਹੈ ?

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਆਪਣੇ ਅੰਦਰ ਨਿੱਘਰਿਆ ਮਾਨਵ,
ਕਿਸ ਨਾਲ ਰਿਸ਼ਤਾ ਹੋ ਸਕਦਾ ਹੈ ???

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਔਰਤ

ਤੇਰੇ ਮੇਰੇ ਰਿਸ਼ਤੇ ਅੰਦਰ,
ਮੌਸਮ ਕਿੱਥੋਂ ਆ ਗਏ ਮਿੱਤਰਾ ?
ਚੁੰਮਣ-ਰੁੱਤੇ ਕਿਉਂ ਸ਼ੰਕੇ ਦੇ,
ਬੱਦਲ ਤੈਂ 'ਤੇ ਛਾ ਗਏ ਮਿੱਤਰਾ ?

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਖ਼ੁਦ ਨਾਲ ਜੁੜ ਤੇ ਜੁੜ ਮੇਰੇ ਨਾਲ,
ਹੁਸਨ, ਜਵਾਨੀ, ਮੋਹੀ ਨਜ਼ਰਾਂ।
ਧਰਤੀ ਤੇ ਅਸਮਾਨ ਮਿਲ ਰਹੇ,
ਜਿੱਧਰ ਵੇਖੋ, ਉੱਧਰ ਫਜਰਾਂ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਇੱਕ

ਰਿਸ਼ਤੇ ਵੀ ਪ੍ਰਦੂਸ਼ਤ ਹੋਏ,
ਮੇਰ ਤੇਰ ਵਿਚ ਪਾਟਣ ਲੱਗੇ।
ਕੀੜੇ ਚੁਗਣ ਲਈ ਹੁਣ ਪ੍ਰਾਣੀ,
ਇਕ ਦੂਜੇ ਵਿਚ ਝਾਕਣ ਲੱਗੇ।

-ਪਿਛੋਕੜ 'ਚੋਂ ਪ੍ਰਤੀਧੁਨੀਆਂ-

-ਵਕਫ਼ਾ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਔਰਤ

ਇਕ ਦੂਜੇ ਤੋਂ ਟੁੱਟ ਗਏ ਮਿੱਤਰੋ,
ਮੈਂ ਦੋਹਾਂ ਨਾਲ ਜੁੜੀ ਰਹੀ ਹਾਂ।
ਤੁਰਨੋਂ ਪਹਿਲਾਂ ਖੜ੍ਹ ਗਏ ਮਿੱਤਰੋ,
ਮੈਂ ਦੋਹਾਂ ਵਿਚ ਤੁਰੀ ਰਹੀ ਹਾਂ।

ਦੋ

ਊਲ ਜਲੂਲ ਦਲੀਲਾਂ ਦੇਵੇਂ,
ਦੋਂਹ ਦੀ ਕਿੰਜ ਤੂੰ ਹੋ ਸਕਦੀ ਹੈਂ ?

–"ਇੱਕ" ਵਲ ਇਸ਼ਾਰਾ ਕਰਦਾ ਹੋਇਆ–

ਇਸ ਨਾਲ ਚੱਲਦੀ ਦੱਸ ਤੂੰ ਕੀਕੂੰ,
ਮੇਰੇ ਨਾਲ ਖੜੋ ਸਕਦੀ ਹੈਂ ?

–ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ–

–ਵਕਫ਼ਾ–

ਔਰਤ

ਰਿਸ਼ਤਾ ਕੇਵਲ ਜਿਸਮ ਨਹੀਂ ਹੁੰਦਾ,
ਹੁੰਦਾ ਜਿਸਮਾਂ ਦਾ ਅਹਿਸਾਸ।
ਇੱਕੋ ਸਮੇਂ ਮੈਂ ਮਹਿਕ ਵਾਂਗਰਾਂ,

–ਵਾਰੀ ਵਾਰੀ "ਇੱਕ" ਤੇ "ਦੋ" ਵਲ ਇਸ਼ਾਰਾ ਕਰਦੀ ਹੋਈ–

ਇਸ ਦੇ ਪਾਸ, ਤੇਰੇ ਪਾਸ।

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ–

–ਵਕਫ਼ਾ–

ਇੱਕ ਤੇ ਦੋ (ਇਕੱਠੇ)

ਹੋਂਦ, ਨਿਹੋਂਦ ਦੇ ਬਿਖੜੇ ਪੈਂਡੇ,
ਅੱਕ ਚੁੱਕੇ ਹਾਂ, ਥੱਕ ਚੁੱਕੇ ਹਾਂ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮੰਤਵ-ਹੀਣੀ ਜੀਵਨ-ਕਿਰਿਆ,
ਸ਼ੂਨਯ-ਬੋਧ 'ਚੋਂ ਚੱਖ ਚੁੱਕੇ ਹਾਂ।

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ–

–ਵਕਫ਼ਾ–

ਇੱਕ

–"ਔਰਤ" ਅਤੇ "ਦੋ" ਵਲਾਂ ਇਸ਼ਾਰਾ ਕਰਦਾ ਹੋਇਆ–

ਤੂੰ ਵੀ ਸਿਫਰਾ, ਇਹ ਵੀ ਸਿਫਰਾ।
ਮੈਂ ਵੀ ਇਕ ਸਿਫਰੇ ਦਾ ਘੇਰਾ।
ਸਿਫਰਾ ਹੀ ਇਕ ਅੰਤਮ ਸੱਚ ਹੈ–
ਨਾ ਇਸਦਾ, ਨਾ ਤੇਰਾ, ਮੇਰਾ।

ਔਰਤ

ਮੇਰੀ ਅੱਖ ਵਿਚ ਝਾਤੀ ਮਾਰ,
ਇਸ ਵਿਚ ਖੜ੍ਹੀ ਹੈ ਸੁੰਦਰ ਨਾਰ।
ਮਾਈ ਹੱਵਾ ਤੋਂ ਲੈ ਕੇ ਅੱਜ ਤਕ,
ਇਸ ਵਿਚ ਹੈ ਨਾਰਾਂ ਦੀ ਡਾਰ।

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ–

–ਵਕਫ਼ਾ–

ਦੋ

ਊਟ ਪਟਾਂਗ ਹੈ ਹਰ ਗੱਲ ਤੇਰੀ,
ਕਿੱਥੇ ਆਦਮ ? ਕਿੱਥੇ ਹੱਵਾ ?
ਜਿਸ ਨੇ ਜਨਮ ਧਾਰਿਆ, ਉਹ ਹੀ,
ਧਰਤੀ ਦੇ ਵਿਚ ਦਫਨ ਹੋਇਆ।

ਇੱਕ

ਪੀਰ ਪੈਗ਼ੰਬਰ ਧਰਤੀ ਹੇਠਾਂ,
ਆਪੋ ਆਪਣਾ ਰੱਬ ਲੈ, ਮਰ ਗਏ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਝੂਠੇ ਸੁਫਨੇ ਲੈ ਲੈ ਲੋਕੀਂ,
ਵਿਚ ਖਲਾਅ ਦੇ ਲਟਕੇ, ਖੜ੍ਹ ਗਏ।

-ਵਕਫ਼ਾ-

ਇੱਕ ਤੇ ਦੋ (ਇਕੱਠੇ)

ਹੀਰਾਂ, ਰਾਂਝੇ, ਮਿਰਜ਼ਾ, ਸਾਹਿਬਾਂ,
ਦੁੱਖ-ਅੰਤੀ ਹਰ ਪ੍ਰੇਮ-ਕਹਾਣੀ।
ਮਹੀਂਵਾਲ, ਸੋਹਣੀ ਦੀ ਵਿਥਿਆ,
ਨਾ ਤੂੰ ਸਮਝੀ, ਨਾ ਮੈਂ ਜਾਣੀ।

ਔਰਤ

ਜਿਊਂਦੇ ਕਿਉਂ ਨਹੀਂ, ਜਿੰਨਾਂ ਚਿਰ ਹੋ ?
ਮਰਨ ਦਾ ਹੀ ਕਿਉਂ ਖ਼ੌਫ਼ ਜਿਹਾ ਹੈ ?
ਮਰਨੋਂ ਪਹਿਲਾਂ ਸਾਹ, ਸਾਹ ਕਰ ਕੇ,
ਮਰਨ ਦਾ ਹੀ ਕਿਉਂ ਸ਼ੌਕ ਜਿਹਾ ਹੈ ?

-ਵਕਫ਼ਾ-

ਜੀਵਨ ਕੱਲਾ ਥਲ ਨਾ ਰੇਤਾ,
ਇਸ ਵਿਚ ਗੁਲਸ਼ਨ ਆਉਣ ਬਹਾਰਾਂ।
ਕਾਮ ਦੇ ਛਿਣ ਵਿਚ ਫੈਲਦੇ ਬੰਦੇ,
ਕਾਮ ਦੇ ਛਿਣ ਵਿਚ ਖੁੱਲ੍ਹਦੀਆਂ ਨਾਰਾਂ।

ਇੱਕ

ਕਾਮ ਦਾ ਰਿਸ਼ਤਾ ?

ਦੋ

ਕਾਮ-ਬਹਾਰਾਂ ?

ਇੱਕ ਤੇ ਦੋ (ਇਕੱਠੇ)

ਤੇਰੇ ਵਰਗੀਆਂ, ਸਾਡੇ ਅੰਦਰ,
ਪਾਟੀਆਂ ਹੋਈਆਂ ਕਿਉਂ ਨੇ ਨਾਰਾਂ ?

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਔਰਤ

ਉੱਤਰੀ ਧਰੁੱਵ ਤੇ ਦੱਖਣੀ ਧਰੁੱਵ ਵਿਚ,
ਜੁੜੀ ਹੋਈ ਧਰਤੀ ਦੇ ਵਾਂਗੂੰ,

-"ਇੱਕ" ਤੇ "ਦੋ" ਵਲਾਂ ਇਸ਼ਾਰਾ ਕਰਦੀ ਹੋਈ-

ਤੇਰੇ ਤੇ ਤੇਰੇ ਅੰਬਰ 'ਤੇ,
ਮਾਰਾਂ ਮੈਂ ਹਰ ਰੋਜ਼ ਉਡਾਰਾਂ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਮਿੱਤਰ ਹੋ, ਕੋਈ ਦੁਸ਼ਮਣ ਨਹੀਂ ਹੋ-
ਮਿੱਤਰ-ਮੇਲ 'ਚੋਂ ਖਿੜਦੇ ਮੇਲੇ-
ਇਹ ਮੇਲਾ ਹੈ ਆਦਿ ਜੁਗਾਦੀ,
ਇਸ ਵਿਚ ਹਰ ਫ਼ਲਸਫ਼ਾ ਖੇਲ੍ਹੇ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਇੱਕ

ਇੱਕ ਫ਼ਲਸਫ਼ਾ, ਇਕ ਸੋਚ ਹੀ,

ਦੋ

ਫੈਲ ਗਈ ਹੈ ਸਾਡੇ ਅੰਦਰ।

ਇੱਕ ਤੇ ਦੋ (ਇਕੱਠੇ)

ਹੋਂਦ ਅਤੇ ਨਿਹੋਂਦ ਦੀ ਟੱਕਰ,
ਸ਼ੂਨਯ ਬਣ ਗਈ ਸਾਡੇ ਅੰਦਰ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਔਰਤ

ਪਰ ਮੈਂ ਇਕ ਸੁਲਗਦਾ ਸੱਚ ਹਾਂ।

ਇੱਕ

-ਔਰਤ ਵਲ ਇਸ਼ਾਰਾ ਕਰਦਾ ਹੋਇਆ-

ਤੇਰਾ ਸੱਚ ਬੱਸ ਤੇਰਾ ਸੱਚ ਹੈ।

ਦੋ

ਮੇਰਾ ਕੱਚ ਹੀ, ਮੇਰਾ ਸੱਚ ਹੈ।

ਇੱਕ ਤੇ ਦੋ (ਇਕੱਠੇ)

ਦੋ ਸੱਚਾਂ ਦੀ ਅੰਤਰਕਿਰਿਆ,
ਕਦ ਹੋਵੇਗੀ ?
ਕੀ ਟੋਲ੍ਹੇਗੀ ?
ਕਿਹੜੇ ਕਾਂਡ ਖੁੱਲ੍ਹਣਗੇ ? ਫਿਰ ਤੇ
ਕਿਹੜੇ ਵਰਕੇ ਇਹ ਫੋਲੇਗੀ ?

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਫ਼ੇਡ ਆਊਟ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ-ਦ੍ਰਿਸ਼-8

ਆਈਸਿਸ ਕਮਾਂਡਰ
ਆਈਸਿਸ ਸੈਨਿਕ-1
ਆਈਸਿਸ ਸੈਨਿਕ-2

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਆਈਸਿਸ ਦਾ ਝੰਡਾ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮੰਚ ਉੱਤੇ ਅਨ੍ਹੇਰਾ ਹੈ। ਜੰਗੀ ਬਿਗਲ ਦੀ ਧੁਨ ਉੱਭਰਦੀ ਹੈ। ਫੌਜ ਦੇ ਮਾਰਚਿੰਗ ਬੈਂਡ ਦੀਆਂ ਧੁਨਾਂ ਸੁਣਾਈ ਦਿੰਦੀਆਂ ਹਨ। “ਨਾਅਰਾ-ਏ-ਤਕਬੀਰ” ਅਤੇ “ਅੱਲਾ-ਹੂ-ਅਕਬਰ” ਦੇ ਨਾਅਰੇ ਗੂੰਜਦੇ ਹਨ। ਗੋਲੀਆਂ ਚੱਲਣ ਦੇ ਧੁਨੀ-ਪ੍ਰਭਾਵ ਉੱਭਰਦੇ ਹਨ।

ਪਿੱਠਭੂਮੀ ਦੇ ਪਰਦੇ ਉੱਤੇ, ਸਿਨਮੈਟਿਕ/ਵੀਡੀਓ/ਟੀ.ਵੀ. ਅਤੇ ਕੰਪਿਊਟਰੀ ਜੁਗਤਾਂ ਦੁਆਰਾ [1]“ਆਈਸਿਸ” (ISIS) ਸੈਨਿਕਾਂ ਦੇ ਬਿੰਬ ਉੱਭਰਦੇ ਹਨ। “ਆਈਸਿਸ” ਦਾ ਕਾਲਾ ਝੰਡਾ ਉਨ੍ਹਾਂ ਦੇ ਟੈਂਕਾਂ, ਬਕਤਰਬੰਦ ਗੱਡੀਆਂ ਅਤੇ ਟੈਕਨੀਕਲ ਟਰੱਕਾਂ ਉੱਤੇ ਝੂਲ ਰਿਹਾ ਹੈ। ਪਿੱਕ-ਅੱਪ ਟਰੱਕਾਂ ਵਿਚ ਮਸ਼ੀਨ ਗੰਨਾਂ ਅਤੇ ਐਂਟੀ ਏਅਰ ਕਰਾਫ਼ਟ ਗੰਨਾਂ ਫਿੱਟ ਕੀਤੀਆਂ ਹੋਈਆਂ ਹਨ। ਸੈਨਿਕਾਂ ਕੋਲ ਏ.ਕੇ.-47 ਬੰਦੂਕਾਂ ਹਨ। ਉਨ੍ਹਾਂ ਨੇ ਕਾਲੀ ਵਰਦੀ ਪਹਿਨੀ ਹੋਈ ਹੈ। ਅੱਖਾਂ ਤੋਂ ਹੇਠਾਂ ਕਈਆਂ ਦੇ ਮੂੰਹ ਢਕੇ ਹੋਏ ਹਨ। ਕਈਆਂ ਦੀਆਂ ਦਾੜ੍ਹੀਆਂ ਲੰਮੀਆਂ ਹਨ। ਖਤ ਕੱਢੇ ਹੋਏ ਹਨ। ਕਈ ਆਤੰਕੀ ਸੈਨਿਕ ਜੰਗੀ ਮਸ਼ਕਾਂ ਕਰ ਰਹੇ ਹਨ। ਇਹ ਸਭ ਕੁਝ ਸੁਜੀਵ ਰੂਪ ਵਿਚ, ਪਾਤਰਾਂ, ਮਾਡਲਾਂ ਅਤੇ ਪੋਸਟਰਾਂ ਰਾਹੀਂ ਵੀ, ਮੰਚ ਉੱਤੇ ਵਿਖਾਇਆ ਜਾ ਸਕਦਾ ਹੈ।

---

1. ਆਈਸਿਸ : ISIS ਜਾਂ ISIL - Islamic State of Iraq and the Lavant - ਸੰਖੇਪ ਵਿਚ ਇਸ ਨੂੰ “ਇਸਲਾਮਿਕ ਸਟੇਟ” ਵੀ ਕਹਿ ਦਿੰਦੇ ਹਨ।Islamic State of Iraq and Syria-

ਅਮਰੀਕਨ ਫੌਜੀਆਂ ਦੇ ਸਤੰਬਰ 2011 ਵਿਚ ਚਲੇ ਜਾਣ ਤੋਂ ਬਾਅਦ ਈਰਾਕ ਵਿਚ ਇਕ ਖਲਾਅ ਪੈਦਾ ਹੋ ਗਿਆ ਸੀ। ਜੂਨ, 2004 ਦੇ ਲਗਭਗ “ਅਬੂ ਬਕਰ ਬਗ਼ਦਾਦੀ” ਦੀ ਸਰਦਾਰੀ ਹੇਠ, “ਇਸਲਾਮਿਕ ਕੈਲੀਫੇਟ” ਸਥਾਪਤ ਹੋਈ, ਜਿਸ ਨੇ ਈਰਾਕ ਅਤੇ ਸੀਰੀਆ ਦੇ ਕੁਝ ਇਲਾਕੇ ਫਤਹਿ ਕਰਕੇ ਇਨ੍ਹਾਂ ਉੱਤੇ ਆਪਣੀ ਪ੍ਰਭੂਸੱਤਾ ਘੋਸ਼ਤ ਕਰ ਦਿੱਤੀ। ਆਈਸਿਸ ਬਾਰੇ ਵਧੇਰੇ ਜਾਣਕਾਰੀ ਲਈ ਇੰਟਰਨੈੱਟ ’ਤੇ ਜਾਓ। ਇਸ ਦੇ ਇਤਿਹਾਸ ਅਤੇ ਆਤੰਕਵਾਦੀ ਗਤੀਵਿਧੀਆਂ ਤੋਂ ਬਿਨਾਂ ਇੰਟਰਨੈੱਟ ਉੱਤੇ ਤੁਹਾਨੂੰ ਇਨ੍ਹਾਂ ਦੁਆਰਾ ਵਰਤੇ ਜਾਂਦੇ ਹੱਥਿਆਰਾਂ ਅਤੇ ਵਰਦੀ ਆਦਿ ਬਾਰੇ ਪੂਰੀ ਪੂਰੀ ਜਾਣਕਾਰੀ ਮਿਲ ਸਕਦੀ ਹੈ। ਇਨ੍ਹਾਂ ਦੇ ਕਾਲੇ ਕਾਰਨਾਮਿਆਂ ਬਾਰੇ ਵੀਡੀਓ ਫ਼ਿਲਮ ਦੀ ਫੁੱਟੇਜ ਵੀ ਮਿਲ ਜਾਵੇਗੀ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮੰਚ ਉੱਤੇ ਚਾਨਣ ਹੁੰਦਾ ਹੈ ਤਾਂ ਕੁਝ ਆਈਸਿਸ ਆਤੰਕਵਾਦੀ ਜੰਗੀ ਮਸ਼ਕਾਂ ਕਰਦੇ ਵਿਖਾਈ ਦਿੰਦੇ ਹਨ। ਨਿਸ਼ਾਨੇਬਾਜ਼ੀ ਲਈ ਏ.ਕੇ.-47 ਰਾਈਫਲ ਦੇ ਫਾਇਰ ਹੁੰਦੇ ਹਨ। ਮੰਚ ਉੱਤੇ ਇਕ ਪਾਸੇ ਫਾਹੇ ਲਾਏ ਬਦੇਸ਼ੀ ਕਾਫ਼ਰਾਂ ਦੀਆਂ ਲਾਸ਼ਾਂ ਲਟਕ ਰਹੀਆਂ ਹਨ। ਇਕ ਬਦੇਸ਼ੀ ਨਾਗਰਿਕ ਦਾ ਸਿਰ ਕਲਮ ਕੀਤਾ ਜਾ ਰਿਹਾ ਹੈ। ਟਰੱਕਾਂ ਉੱਤੇ ਆਈਸਿਸ ਦੇ ਕਾਲੇ ਝੰਡੇ ਝੂਲ ਰਹੇ ਹਨ। "ਅੱਲਾ ਹੂ ਅਕਬਰ" ਦੇ ਨਾਅਰੇ ਗੂੰਜ ਰਹੇ ਹਨ। ਆਈਸਿਸ ਦਾ ਇਕ ਕਮਾਂਡਰ, ਅਤੇ ਦੋ ਸੈਨਿਕ ਕਾਲੀਆਂ ਵਰਦੀਆਂ ਵਿਚ, ਇਕ ਦੂਜੇ ਨਾਲ ਸੰਵਾਦ ਵਿਚ ਮਗਨ ਹਨ।

ਆਈਸਿਸ ਕਮਾਂਡਰ

ਅੱਤਵਾਦੀ ਦੀ ਅੱਖ ਸੁਤੰਤਰ ਵੇਖੇ ਨਾ,
ਇਹ ਦੇਖੇ ਉਹ, ਜੁ ਅਸੀਂ ਦਿਖਾਈਏ।
ਪੋਚੀ ਹੋਈ ਫੱਟੀ ਦੇ ਉੱਤੇ,
ਅਸੀਂ ਨਵੇਂ ਪੂਰਨੇ ਪਾਈਏ।

ਆਈਸਿਸ ਸੈਨਿਕ-1

'ਅੱਲਾ' ਦਾ ਨਾਂ ਲੈ ਕੇ,
ਬੰਬ ਬਣਦੇ ਜਹਾਦੀ ਨੇ।
ਆਪ ਫਟਦੇ ਨੇ ਖੁਸ਼ ਹੋ ਕੇ,
ਦੁਸ਼ਮਣ ਲਈ ਤਬਾਹੀ ਨੇ।

-ਬੰਬ ਫਟਣ ਦੇ ਧੁਨੀ-ਪ੍ਰਭਾਵ ਉੱਭਰਦੇ ਹਨ। "ਨਾਅਰਾ-ਏ-ਤਕਬੀਰ"-"ਅੱਲਾ ਹੂ ਅਕਬਰ"- ਦੇ ਨਾਅਰੇ ਗੂੰਜਦੇ ਹਨ। ਇਕ ਕਾਫ਼ਰ ਦਾ ਸਿਰ ਕਲਮ ਕਰਦੇ ਨੇ ਅਤੇ ਦੂਜੇ ਦੇ ਸਿਰ ਵਿਚ ਗੋਲੀ ਮਾਰ ਦਿੰਦੇ ਨੇ-

ਆਈਸਿਸ ਸੈਨਿਕ-2

ਸ਼ਰੀਆ ਦੇ ਕਾਨੂੰਨ ਚੱਲਦੇ,
ਸਾਡੀ ਆਪਣੀ [1] ਖਲਾਫ਼ਤ ਏ।
ਕਾਫ਼ਰਾਂ ਲਈ ਹੋਂਦ ਸਾਡੀ,
ਜਿਊਂਦੀ ਮੌਤ, ਕਯਾਮਤ ਏ।

-ਪਿਛੋਕੜ 'ਚੋਂ "ਨਾਅਰਾ-ਏ-ਤਕਬੀਰ"-"ਅੱਲਾ ਹੂ ਅਕਬਰ" ਦੇ ਨਾਅਰੇ ਗੂੰਜਦੇ ਹਨ-

1. ਖਲਾਫ਼ਤ - ਖਲੀਫ਼ੇ ਤੋਂ : Caliphate

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਆਈਸਿਸ ਕਮਾਂਡਰ

ਸਾਰੇ ਵਿਸ਼ਵ ਦੇ ਵਿਚ ਕਰਨਾ,
ਜਹਾਦ ਹੈ ਜਹਾਦੀ ਨੇ।
ਪਿੰਡਾਂ, ਸ਼ਹਿਰਾਂ, ਨਗਰਾਂ ਵਿਚ,
ਈਨ ਮੰਨਣੀ ਆਬਾਦੀ ਨੇ।

-ਪਿਛੋਕੜ 'ਚੋਂ ਨਾਅਰੇ ਸੁਣਾਈ ਦਿੰਦੇ ਹਨ : "ਨਾਅਰਾ-ਏ-ਤਕਬੀਰ" "ਅੱਲਾ ਹੂ ਅਕਬਰ"-

ਆਈਸਿਸ ਸੈਨਿਕ-1

ਸੀਰੀਆ, ਈਰਾਕ ਵਿਚ ਨੇ,
ਅਸੀਂ ਭੜਥੂ ਪਾ ਦਿੱਤੇ।
ਤੇਲ ਦਿਆਂ ਖੂਹਾਂ 'ਤੇ,
ਕਾਲੇ ਝੰਡੇ ਝੁਲਾ ਦਿੱਤੇ।

-ਪਿਛੋਕੜ 'ਚੋਂ ਨਾਅਰੇ : "ਨਾਅਰਾ-ਏ-ਤਕਬੀਰ", "ਅੱਲਾ ਹੂ ਅਕਬਰ"-

ਆਈਸਿਸ ਸੈਨਿਕ-2

ਸਿਰ ਕੱਟੇ ਅਮਰੀਕਨਾਂ ਦੇ,
ਸਭ ਪਿੱਠੂ ਭਜਾ ਦਿੱਤੇ।
ਖੋਹ ਲਏ ਸ਼ਸਤਰ ਵੀ,
ਨਵੇਂ ਪੂਰਨੇ ਪਾ ਦਿੱਤੇ।

-ਪਿਛੋਕੜ 'ਚੋਂ ਨਾਅਰੇ : "ਨਾਅਰਾ-ਏ-ਤਕਬੀਰ", "ਅੱਲਾ ਹੂ ਅਕਬਰ"-

ਆਈਸਿਸ ਕਮਾਂਡਰ

-ਇੱਕੋ ਸਮੇਂ ਦਰਸ਼ਕਾਂ ਅਤੇ ਸੈਨਿਕਾਂ ਨੂੰ ਸੰਬੋਧਨ ਕਰਦਾ ਹੋਇਆ-

ਪੱਛਮੀਂ ਤੇ ਮੱਧਪੂਰਬੀ,
ਸਾਡੀ ਵਿਸ਼ਵੀ ਲੜਾਈ ਏ।
ਆਪਣੇ ਵਿਚਾਰਾਂ ਲਈ,
ਜਾਨ ਤਲੀ 'ਤੇ ਟਿਕਾਈ ਏ।

-ਪਿਛੋਕੜ ਵਿੱਚੋਂ ਹੇਠ ਲਿਖਿਆ ਨਾਅਰਾ ਉੱਭਰਦਾ ਹੈ :

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

"ਨਾਅਰਾ-ਏ-ਤਕਬੀਰ"
"ਅੱਲਾ ਹੂ ਅਕਬਰ"

-ਇਸ ਨਾਅਰੇ ਵਿਚ "ਸੈਨਿਕ-1" ਤੇ "ਸੈਨਿਕ-2" ਵੀ ਸ਼ਾਮਲ ਹੋ ਜਾਂਦੇ ਹਨ-

ਆਈਸਿਸ ਸੈਨਿਕ-1

ਤੋੜੀਆਂ ਨੇ ਮੂਰਤੀਆਂ,
ਬੁੱਤ-ਪੂਜਾ ਦਾ ਘਾਣ ਕੀਤਾ।
ਅੱਲਾ ਦਾ ਨਾਂ ਲੈ ਕੇ,
ਅਸੀਂ ਯੁੱਧ ਘਮਸਾਣ ਕੀਤਾ।

-ਪਿਛੋਕੜ 'ਚੋਂ ਨਾਅਰੇ : "ਨਾਅਰਾ-ਏ-ਤਕਬੀਰ" "ਅੱਲਾ ਹੂ ਅਕਬਰ"-

ਆਈਸਿਸ ਸੈਨਿਕ-2

ਪਰਾਚੀਨ ਸੱਭਿਅਤਾ ਦੇ,
ਸਭ ਚਿੰਨ੍ਹ ਨੇ ਮਿਟਾ ਦਿੱਤੇ।
ਆਉਣ ਵਾਲੇ ਯੁਵਕਾਂ ਨੂੰ,
ਨਵੇਂ ਰਸਤੇ ਵਿਖਾ ਦਿੱਤੇ।

-ਪਿਛੋਕੜ 'ਚੋਂ ਨਾਅਰੇ : "ਨਾਅਰਾ-ਏ-ਤਕਬੀਰ" "ਅੱਲਾ ਹੂ ਅਕਬਰ"-

ਆਈਸਿਸ ਕਮਾਂਡਰ, ਆਈਸਿਸ ਸੈਨਿਕ-1 ਤੇ ਆਈਸਿਸ ਸੈਨਿਕ-2 (ਇਕੱਠੇ)

ਸੀਰੀਆ, ਈਰਾਕ ਮੁੱਢ ਸੀ,
ਸਾਰਾ ਵਿਸ਼ਵ ਹੀ ਸਾਡਾ ਏ।
ਜੱਨਤ ਬਨਾਉਣੀ ਧਰਤੀ,
ਅੱਲਾ ਨਾਲ ਵਾਅਦਾ ਏ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

-ਪਿਛੋਕੜ 'ਚੋਂ ਨਾਅਰੇ ਉੱਭਰਦੇ ਹਨ : "ਨਾਅਰਾ-ਏ-ਤਕਬੀਰ" "ਅੱਲਾ ਹੂ ਅਕਬਰ"-

-"ਆਈਸਿਸ ਕਮਾਂਡਰ", "ਆਈਸਿਸ ਸੈਨਿਕ-1" ਅਤੇ "ਆਈਸਿਸ ਸੈਨਿਕ-2" ਵੀ ਇਨ੍ਹਾਂ ਨਾਅਰਿਆਂ ਵਿਚ ਸ਼ਾਮਿਲ ਹੋ ਜਾਂਦੇ ਹਨ-

-ਫ਼ੇਡ ਆਊਟ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ-ਦ੍ਰਿਸ਼-9

ਕਵੀ
ਝਾਕੀ-1 ਦੇ ਪਾਤਰ
ਝਾਕੀ-2 ਦੇ ਪਾਤਰ
ਝਾਕੀ-3 ਦੇ ਪਾਤਰ
ਇੱਕ, ਦੋ ਅਤੇ ਔਰਤ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**



ਆਈਸਿਸ ਦਾ ਝੰਡਾ

ਮੰਚ ਉੱਤੇ ਚਾਨਣ ਹੁੰਦਾ ਹੈ ਤਾਂ "ਕਵੀ", "ਸੂਤਰਧਾਰ" ਦੇ ਰੂਪ ਵਿਚ, ਹੇਠ ਲਿਖੇ ਬੋਲ ਗਾ ਕੇ ਤੇ ਜਾਂ ਤਰੁੱਨਮ ਵਿਚ ਪ੍ਰਸਤੁਤ ਕਰਦਾ ਹੈ-

ਕਵੀ

ਤਿੱਖੀਆਂ ਕਿੱਲਾਂ ਬਣ ਕੇ ਡਿੱਗਿਆ
ਧਰਤੀ 'ਤੇ ਅਸਮਾਨ
ਪੌਣਾਂ ਦੇ ਵਿਚ ਜ਼ਹਿਰਾਂ ਘੁਲੀਆਂ
ਮੌਤਾਂ ਮੂੰਹੀਂ ਪ੍ਰਾਣ
ਬਰਖਾ ਵਾਂਗੂੰ ਵਰ੍ਹਣ ਗੋਲੀਆਂ
ਬਣ ਗਏ ਬੰਬ ਇਨਸਾਨ
'ਅੱਲਾ' 'ਈਸ਼ਵਰ' 'ਗੌਡ' ਅਪੰਗ ਨੇ
ਰਾਜ ਕਰੇ ਸ਼ੈਤਾਨ
ਸੋਚ, ਆਤਮਾਂ ਘਾਇਲ ਹੋਈ
ਭਾਸ਼ਾ, ਸੱਭਿਅਤਾ ਲਹੂ ਲੁਹਾਣ
ਧਰਮ, ਸਿਆਸਤ ਉਲਝ ਗਏ ਨੇ
ਨਫ਼ਰਤ, ਜੰਗ ਘਮਸਾਣ
ਪਾਗਲਪਨ ਦੀ ਆਈ ਸੁਨਾਮੀਂ
ਘਰ, ਘਰ ਮੜ੍ਹੀ ਮਸਾਣ
ਬਲੀ ਚੜ੍ਹੇ ਨਿਰਦੋਸ਼ ਤੇ ਬੱਚੇ
ਕਤਲ ਹੀ ਹੈ ਈਮਾਨ
ਮੰਦਰ, ਮਸਜਿਦ, ਗੁਰੂਦੁਆਰੇ,
ਗਿਰਜੇ ਦਾ ਅਪਮਾਨ
ਮੱਘੇ ਕੱਢਦਾ ਫਿਰੇ ਦਰਿੰਦਾ

ਪੀਰ, ਪੈਗੰਬਰ ਪੂਛ ਹਿਲਾਣ
ਆਪਣੀ ਸਿਖਰ ਤੋਂ ਡਿੱਗਾ ਆਪੇ
ਜ਼ਾਲਮ ਬਣ ਇਨਸਾਨ
"ਕਾਫ਼ਰ" ਕਹਿ ਸਿਰ ਕਲਮ ਕਰਨ ਵਿਚ
ਆਤੰਕੀ ਦੀ ਸ਼ਾਨ
ਅੱਤਵਾਦ ਦੀ 'ਨ੍ਹੇਰੀ ਝੁੱਲੀ
ਕਹਿਰ, ਗਹਿਰ, ਅਸਮਾਨ

-ਅੰਤਮ ਚਾਰ ਲਾਈਨਾਂ ਦੀਆਂ ਪ੍ਰਤੀਧੁਨੀਆਂ ਗੂੰਜਦੀਆਂ ਹਨ-

-ਫ਼ੇਡ ਆਊਟ-

ਮੰਚ ਉੱਤੇ ਰੋਸ਼ਨੀ ਪਰਤਦੀ ਹੈ, ਤਾਂ ਆਈਸਿਸ ਵਲੋਂ ਆਤੰਕਵਾਦੀ ਹਮਲਿਆਂ ਦੁਆਰਾ ਕੀਤੀ ਤਬਾਹੀ ਦੀਆਂ, ਹੇਠ ਲਿਖੀਆਂ ਝਾਕੀਆਂ ਵਿਖਾਈ ਦਿੰਦੀਆਂ ਹਨ। ਇਨ੍ਹਾਂ ਝਾਕੀਆਂ ਨੂੰ ਦਰਸ਼ਨੀ ਪ੍ਰਭਾਵਾਂ ਅਤੇ ਪਾਤਰਾਂ ਦੁਆਰਾ ਜ਼ਿੰਦਾ/ਸਜੀਵ ਰੂਪ ਵਿਚ ਵੀ ਪ੍ਰਸਤੁਤ ਕੀਤਾ ਜਾ ਸਕਦਾ ਹੈ ਅਤੇ ਸਿਨਮੈਟਿਕ/ਵੀਡੀਓ/ਟੀ.ਵੀ. ਤਕਨੀਕ ਜਾਂ ਕੰਪਿਊਟਰੀ ਜੁਗਤਾਂ ਦੁਆਰਾ ਵੀ ਪਿੱਠਭੂਮੀ ਦੇ ਪਰਦੇ/ਸਕਰੀਨ ਉੱਤੇ ਵਿਖਾਇਆ ਜਾ ਸਕਦਾ ਹੈ। ਨਿਰਦੇਸ਼ਕ ਜਾਂ ਕੋਈ ਹੋਰ ਪਾਤਰ, ਸੂਤਰਧਾਰ ਬਣ ਕੇ, ਇਨ੍ਹਾਂ ਝਾਕੀਆਂ ਬਾਰੇ ਕੁਮੈਂਟਰੀ ਵੀ ਕਰ ਸਕਦਾ ਹੈ। ਇਨ੍ਹਾਂ ਝਾਕੀਆਂ ਦੇ ਦਹਿਸ਼ਤਵਾਦੀ ਪ੍ਰਭਾਵਾਂ ਨੂੰ ਪੁਰ-ਅਸਰ ਢੰਗ ਨਾਲ ਉਭਾਰਨਾ, ਨਿਰਦੇਸ਼ਕ ਦੀ ਕਲਪਨਾ-ਸ਼ਕਤੀ ਉੱਤੇ ਨਿਰਭਰ ਕਰਦਾ ਹੈ।

ਇਨ੍ਹਾਂ ਝਾਕੀਆਂ ਦੀ ਵੀਡੀਓ-ਫ਼ਿਲਮੀ ਫੁੱਟੇਜ, ਤਸਵੀਰਾਂ ਅਤੇ ਹੋਰ ਜਾਣਕਾਰੀ ਇੰਟਰਨੈੱਟ ਤੋਂ ਮਿਲ ਸਕਦੀ ਹੈ।

ਝਾਕੀ-1

ਰੂਸ ਦਾ ਮੁਸਾਫ਼ਰ ਜਹਾਜ਼ ਤਬਾਹ
ਅਕਤੂਬਰ 31, 2015

"ਮੈਟਰੋ ਜੈੱਟ" ਦੀ ਰੂਸੀ ਫਲਾਈਟ ਨੰਬਰ 9268 ਦੀ, ਉਡਾਣ ਦੌਰਾਨ, ਮਿਸਰ ਦੇ ਸਾਈਨਾਈ ਪੈਨਨਸੁਲਾ ਵਿਚ, ਬੰਬ-ਵਿਸਫ਼ੋਟ ਦੁਆਰਾ ਤਬਾਹੀ। ਮਿਸਰ ਦੀ "ਸ਼ਰਮ-ਉਲ-ਸ਼ੇਖ" ਰੀਜ਼ੋਰਟ ਤੋਂ ਉੱਡੇ ਇਸ ਵਿਮਾਨ ਵਿਚ 217 ਰੂਸੀ ਮੁਸਾਫ਼ਰਾਂ ਤੋਂ ਬਿਨਾਂ, ਜਹਾਜ਼ੀ ਅਮਲੇ (Crew) ਦੇ 7 ਮੁਲਾਜ਼ਮ ਵੀ ਸ਼ਾਮਿਲ ਸਨ। ਆਈਸਿਸ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਦੁਆਰਾ ਬਣਾਏ ਘਰੋਗੀ ਬੰਬ (Home made Bomb) ਦੁਆਰਾ ਇਹ ਜਹਾਜ਼ ਤਬਾਹ ਕੀਤਾ ਗਿਆ। 224 ਮੌਤਾਂ ਹੋਈਆਂ। ਇਸ ਆਤੰਕੀ ਹਮਲੇ ਦੀ ਜ਼ਿੰਮੇਵਾਰੀ ਆਈਸਿਸ ਨੇ ਕਬੂਲ ਕੀਤੀ।

ਸਾਈਨਾਈ ਥਲ ਵਿਚ ਡਿੱਗੇ ਜਹਾਜ਼ ਦੇ ਮਲਬੇ ਅਤੇ ਮੁਸਾਫ਼ਰਾਂ ਦੇ ਸਾਮਾਨ ਦੀ ਵੀਡੀਓ-ਫੁੱਟੇਜ, ਤਸਵੀਰਾਂ ਅਤੇ ਹੋਰ ਜਾਣਕਾਰੀ ਇੰਟਰਨੈੱਟ ਤੋਂ ਮਿਲ ਸਕਦੀ ਹੈ। ਨਿਸ਼ਾਨਾ ਰੂਸ ਦੀ ਆਈਸਿਸ ਵਿਰੋਧੀ ਨੀਤੀ ਅਤੇ ਸਰਗਰਮੀਆਂ ਸਨ।

ਝਾਕੀ-2

ਬੈਰੂਤ ਵਿਚ ਆਤਮਘਾਤੀ ਹਮਲਾ
ਨਵੰਬਰ 12, 2015

ਲੈਬਨਾਨ ਦੀ ਰਾਜਧਾਨੀ ਬੈਰੂਤ ਵਿਚ ਆਈਸਿਸ ਦੇ ਦੋ ਆਤਮਘਾਤੀ ਬੰਬਾਂ ਨੇ ਹਮਲਾ ਕੀਤਾ। ਨਿਸ਼ਾਨਾ ਸ਼ੀਆ ਮੁਸਲਮਾਨ ਅਤੇ ਉਨ੍ਹਾਂ ਦੀ ਆਈਸਿਸ ਵਿਰੋਧੀ ਨੀਤੀ ਸੀ। ਇਸ ਆਤੰਕਵਾਦੀ ਹਮਲੇ ਵਿਚ 43 ਲੋਕ ਮਾਰੇ ਗਏ ਅਤੇ 200-400 ਤਕ ਘਾਇਲ ਹੋਏ। ਇਸ ਦਾ ਪੂਰਾ ਵੇਰਵਾ, ਫ਼ੋਟੋ, ਵੀਡੀਓ-ਫੁੱਟੇਜ ਤੇ ਹੋਰ ਜਾਣਕਾਰੀ ਇੰਟਰਨੈੱਟ ਤੋਂ ਪ੍ਰਾਪਤ ਕਰੋ।

ਝਾਕੀ-3

ਫਰਾਂਸ ਦੀ ਰਾਜਧਾਨੀ ਪੈਰਸ ਉੱਤੇ ਆਤੰਕਵਾਦੀ ਹਮਲੇ
13 ਤੇ 14 ਨਵੰਬਰ, 2015

"ਆਈਸਿਸ" ਵਲੋਂ ਫਰਾਂਸ ਦੀ ਰਾਜਧਾਨੀ ਪੈਰਸ ਦੇ ਵੱਖ, ਵੱਖ ਥਾਵਾਂ ਉੱਤੇ, ਇਹ ਸਿਲਸਿਲੇਵਾਰ, ਕੋਆਰਡੀਨੇਟਿਡ ਹਮਲੇ, 13 ਨਵੰਬਰ ਨੂੰ ਰਾਤ ਦੇ 9 ਵੱਜ ਕੇ 20 ਮਿੰਟ ਉੱਤੇ ਸ਼ੁਰੂ ਕੀਤੇ ਗਏ ਅਤੇ 14 ਨਵੰਬਰ, 2015 ਨੂੰ ਸਵੇਰੇ 00.58 ਸਕਿੰਟਾਂ ਉੱਤੇ ਇਨ੍ਹਾਂ ਦਾ ਅੰਤ ਹੋਇਆ। ਦਹਿਸ਼ਤ ਦਾ ਇਹ ਨੰਗਾ ਨਾਚ 2 ਘੰਟੇ 40 ਮਿੰਟ ਤੇ 58 ਸਕਿੰਟ ਤਕ ਚੱਲਦਾ ਰਿਹਾ। ਇਨ੍ਹਾਂ ਦੌਰਾਨ 130 ਲੋਕ ਮਾਰੇ ਗਏ ਅਤੇ 368 ਲੋਕ ਜ਼ਖ਼ਮੀ ਹੋਏ। 7 ਆਤੰਕਵਾਦੀ ਮਾਰੇ ਗਏ ਅਤੇ ਇਕ ਆਪਣੀ ਆਤਮਘਾਤੀ ਪੇਟੀ ਅਣਚੱਲੀ ਹੀ ਪੈਰਸ ਵਿਚ ਛੱਡ ਕੇ, ਭਗੌੜਾ ਹੋ ਗਿਆ।

ਇਸ ਹਮਲੇ ਦਾ ਮਾਸਟਰਮਾਈਂਡ (Mastermind) ਅਬਦਲ ਹਮੀਦ ਆਬਾਊਦ (Abdelhamaid Abaaud) ਨੂੰ ਸਮਝਿਆ ਜਾਂਦਾ ਸੀ, ਪਰ ਹੁਣ ਇਨ੍ਹਾਂ ਨੂੰ ਹੁਕਮ ਦੇਣ ਵਾਲੇ ਆਕਾ ਬੈਲਜੀਅਮ ਦੇ ਦੱਸੇ ਜਾਂਦੇ ਹਨ ਅਤੇ ਉਹ ਰੂਪੋਸ਼ ਹਨ। ਅਬਦਲ ਹਮੀਦ 18 ਨਵੰਬਰ, 2015 ਨੂੰ, ਪੈਰਸ ਦੀ ਇਕ ਅਪਾਰਟਮੈਂਟ ਵਿਚ ਅਪਣੇ ਹੋਰ ਸਾਥੀਆਂ ਸਮੇਤ, ਪੁਲਿਸ ਮੁਕਾਬਲੇ (Shoot out) ਵਿਚ ਮਾਰਿਆ ਗਿਆ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਪੈਰਸ ਵਿਚ ਹੋਏ ਇਨ੍ਹਾਂ ਸਿਲਸਿਲੇਵਾਰ ਹਮਲਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ। ਇਸ ਝਾਕੀ ਨੂੰ ਵੱਖ, ਵੱਖ ਦ੍ਰਿਸ਼ਾਂ ਵਿਚ ਵਿਖਾਇਆ ਜਾ ਸਕਦਾ ਹੈ।

13 ਨਵੰਬਰ, 2015

ਨੰਬਰ	ਸਮਾਂ	ਸਥਾਨ
1.	21.20	ਪਹਿਲਾ ਆਤਮਘਾਤੀ ਹਮਲਾ ਫਰਾਂਸ ਦੇ ਨੈਸ਼ਨਲ ਸਟੇਡੀਅਮ (Stade De France) ਦੇ ਬਾਹਰ ਇਕ ਆਤਮਘਾਤੀ ਬੰਬ ਦੁਆਰਾ ਹੋਇਆ। ਸਟੇਡੀਅਮ ਵਿਚ ਇਸ ਸਮੇਂ ਫਰਾਂਸ ਤੇ ਜਰਮਨੀ ਵਿਚਕਾਰ ਫੁੱਟਬਾਲ (Soccer) ਦਾ ਅੰਤਰਰਾਸ਼ਟਰੀ ਦੋਸਤਾਨਾ ਮੈਚ ਚੱਲ ਰਿਹਾ ਸੀ। ਹਜ਼ਾਰਾਂ ਦਰਸ਼ਕ ਹਾਜ਼ਰ ਸਨ। ਫਰਾਂਸ ਦਾ ਪ੍ਰਧਾਨ ਫਰਾਂਸਵਾ ਉਲਾਂਡ ਵੀ ਹਾਜ਼ਰ ਸੀ। ਆਤਮਘਾਤੀ ਬੰਬ ਦਾ ਇਰਾਦਾ ਸਟੇਡੀਅਮ ਵਿਚ ਦਾਖਲ ਹੋ ਕੇ, ਇਹ ਧਮਾਕਾ, ਸਟੇਡੀਅਮ ਦੇ ਅੰਦਰ ਕਰਨ ਦਾ ਸੀ। ਪਰ ਸਕਿਉਰਿਟੀ ਗਾਰਡਜ਼ ਨੇ ਉਸ ਨੂੰ ਗੇਟ ਉੱਤੇ ਹੀ ਰੋਕ ਲਿਆ। ਇਸ ਲਈ ਉਸ ਨੇ ਗੇਟ ਦੇ ਨੇੜੇ ਹੀ ਆਪਣੇ ਆਪ ਨੂੰ, ਆਪਣੀ ਆਤਮਘਾਤੀ ਪੇਟੀ ਨਾਲ ਉਡਾ ਲਿਆ। ਉਸ ਦੇ ਨਾਲ ਹੀ ਕੋਲ ਖੜ੍ਹਾ ਇਕ ਹੋਰ ਵਿਅਕਤੀ ਵੀ ਮਾਰਿਆ ਗਿਆ।
2.	21.25	ਪੈਰਸ ਦੇ RUE BICHT ਵਿਖੇ ਏ.ਕੇ.–47 ਨਾਲ ਗੋਲੀਬਾਰੀ ਕੀਤੀ ਗਈ। ਕਈ ਮਰੇ ਤੇ ਜ਼ਖ਼ਮੀ ਹੋਏ।
3.	21.30	ਫਰਾਂਸ ਦੇ ਨੈਸ਼ਨਲ ਸਟੇਡੀਅਮ ਦੇ ਬਾਹਰ ਇਕ ਹੋਰ ਆਤਮਘਾਤੀ ਬੰਬ ਨੇ ਆਪਣੇ ਆਪ ਨੂੰ ਉਡਾ ਲਿਆ। ਹੋਰ ਕੋਈ ਨਾ ਮਰਿਆ।
4.	21.32	ਪੈਰਸ ਦੇ RUE DE LA Fontain ਵਿਖੇ ਗੋਲੀਬਾਰੀ (Shooting) ਕੀਤੀ ਗਈ। ਕੁਝ ਲੋਕ ਮਰੇ, ਕੁਝ ਜ਼ਖ਼ਮੀ ਹੋਏ।
5.	21.36	ਪੈਰਸ ਦੇ RUE DE LA CHARONNE ਵਿਖੇ ਲੋਕਾਂ ਉੱਤੇ ਗੋਲੀਬਾਰੀ ਕੀਤੀ ਗਈ।
6.	21.40	ਵੌਲਟੇਅਰ ਬੁਲੇਵਾਰਡ ਦੇ ਇਕ ਕੈਫ਼ੇ ਵਿਚ ਆਤਮਘਾਤੀ ਧਮਾਕਾ ਕੀਤਾ ਗਿਆ, ਕਈ ਮੌਤਾਂ, ਕਈ ਜ਼ਖ਼ਮੀ।
7.	21.40 ਤੋਂ 14 ਨਵੰਬਰ, 2015 00.58 ਤਕ	ਪੈਰਸ ਦੇ ਬਾਟਾਕਲਾਨ ਥੀਏਟਰ (BATACLAN THEATRE) ਉੱਤੇ ਆਤੰਕਵਾਦੀ ਹਮਲਾ, ਸਭ ਤੋਂ ਵਧ ਸਮੇਂ ਤਕ ਚੱਲਦਾ ਰਿਹਾ। ਇਹ ਥੀਏਟਰ ਵੌਲਟੇਅਰ ਬੁਲੇਵਾਰਡ ਉੱਤੇ ਹੈ। ਉਸ ਵੇਲੇ ਇਸ ਥੀਏਟਰ ਵਿਚ ਅਮਰੀਕਨ ਬੈਂਡ EAGLES OF DEATH METAL ਦਾ ਸੰਗੀਤਕ ਪ੍ਰੋਗਰਾਮ (CONCERT) ਚੱਲ ਰਿਹਾ ਸੀ। 1500 ਦੇ ਕਰੀਬ ਦਰਸ਼ਕ ਹਾਜ਼ਰ ਸਨ। ਥੀਏਟਰ ਦੇ ਗੇਟ ਮੂਹਰੇ ਇਕ ਕਾਰ ਆ ਕੇ ਖੜ੍ਹੀ। ਉਸ ਵਿੱਚੋਂ ਕਾਲੇ ਕੱਪੜਿਆਂ ਵਿਚ, ਤਿੰਨ ਆਤੰਕਵਾਦੀ "ਅੱਲਾ–ਹੂ–ਅਕਬਰ" ਦੇ ਨਾਅਰੇ ਲਾਉਂਦੇ ਹੋਏ ਉੱਤਰੇ ਅਤੇ ਥੀਏਟਰ ਵਿਚ ਦਾਖਲ ਹੋ ਗਏ। ਆਪਣੀਆਂ ਏ.ਕੇ.–47 ਰਾਈਫ਼ਲਾਂ ਨਾਲ ਉਨ੍ਹਾਂ ਨੇ ਦਰਸ਼ਕਾਂ ਉੱਤੇ ਅੰਧਾਧੁੰਦ ਫਾਇਰਿੰਗ ਸ਼ੁਰੂ ਕਰ ਦਿੱਤੀ। ਉਨ੍ਹਾਂ ਉੱਤੇ ਹੈਂਡ ਗਰਨੇਡ ਵੀ ਸੁੱਟੇ। ਉਨ੍ਹਾਂ ਨੂੰ ਬੰਧਕ (Hostage) ਬਣਾ ਲਿਆ। ਫਾਇਰਿੰਗ ਦੌਰਾਨ ਉਨ੍ਹਾਂ ਨੇ 3–4 ਵਾਰ ਰਾਈਫ਼ਲਾਂ ਦੇ ਮੈਗਜ਼ੀਨ ਬਦਲੇ (Reloaded)। ਦਰਸ਼ਕਾਂ ਵਿਚ ਭਗਦੜ ਮਚ ਗਈ। ਕਈਆਂ ਨੇ ਉੱਥੋਂ ਭੱਜ ਨਿਕਲਣ ਦਾ ਯਤਨ ਕੀਤਾ। ਕਈ ਵਾਸ਼ਰੂਮਾਂ ਵਿਚ ਛੁਪ ਗਏ ਤੇ ਕਈ ਮਰੇ ਹੋਏ ਹੋਣ ਦਾ ਨਾਟਕ ਕਰਦੇ ਹੋਏ, ਫਰਸ਼ ਉੱਤੇ ਲੇਟ ਗਏ। 14 ਨਵੰਬਰ, 2015 ਨੂੰ ਸਵੇਰ ਦੇ 00.20 ਸਕਿੰਟ ਉੱਤੇ ਏਥੇ ਫਰਾਂਸ ਦੀ ਸਕਿਊਰਿਟੀ ਫੋਰਸ ਪਹੁੰਚ ਗਈ। ਆਤੰਕਵਾਦੀਆਂ ਅਤੇ ਪੋਲੀਸ ਵਿਚਕਾਰ ਗੋਲੀਬਾਰੀ ਹੋਈ (Shootout)। ਇਸ ਦੌਰਾਨ ਦੋ ਆਤੰਕਵਾਦੀਆਂ ਨੇ ਆਪਣੇ

ਆਪ ਨੂੰ ਆਤਮਘਾਤੀ ਪੇਟੀਆਂ ਨਾਲ ਉਡਾ ਲਿਆ। ਤੀਜਾ ਮੁਕਾਬਲੇ ਵਿਚ ਗੋਲੀਆਂ ਨਾਲ ਮਾਰਿਆ ਗਿਆ। ਸਵੇਰ ਦੇ 00.58 ਸਕਿੰਟ ਉੱਤੇ ਸਕਿਊਰਿਟੀ ਫੋਰਸ ਦਾ ਇਹ ਉਪਰੇਸ਼ਨ ਖਤਮ ਹੋਇਆ। ਏਥੇ 89 ਲੋਕਾਂ ਦੀ ਮੌਤ ਹੋਈ ਅਤੇ ਅਨੇਕਾਂ ਜ਼ਖ਼ਮੀ ਹੋਏ।

8. 21.53 ਫਰਾਂਸ ਦੇ ਨੈਸ਼ਨਲ ਥੀਏਟਰ ਦੇ ਬਾਹਰ ਇਕ ਹੋਰ ਆਤਮਘਾਤੀ ਬੰਬ ਨੇ ਆਪਣੇ ਆਪ ਨੂੰ ਉਡਾ ਲਿਆ। ਇਹ ਆਤੰਕਵਾਦੀ ਹੋਰ ਕਿਸੇ ਨੂੰ ਨਾ ਮਾਰ ਸਕਿਆ।

–ਫ਼ੇਡ ਆਊਟ–

–ਉਪ੍ਰੋਕਤ ਝਾਕੀਆਂ ਦੇ 'ਫ਼ੇਡ ਆਊਟ' ਤੋਂ ਬਾਅਦ ਮੰਚ ਉੱਤੇ ਚਾਨਣ ਹੁੰਦਾ ਹੈ, ਤਾਂ "ਇੱਕ", "ਦੋ" ਅਤੇ "ਔਰਤ" ਪਾਤਰ ਨਜ਼ਰ ਆਉਂਦੇ ਹਨ। ਉਹ ਡੂੰਘੀ ਸੋਚ ਵਿਚ ਹਨ। ਟੀ.ਵੀ. ਉੱਤੇ ਵੇਖੀਆਂ ਉਪ੍ਰੋਕਤ ਝਾਕੀਆਂ ਦੇ ਪਭਾਵ ਹੇਠ ਉਹ ਚਿੰਤਤ ਹਨ–

ਇੱਕ

ਅਤਿਵਾਦ ਦੀ ਵਿਸ਼ਵੀ 'ਨ੍ਹੇਰੀ
ਹਰ ਪਲ ਮੇਰਾ ਰੁਲ ਜਾਂਦਾ ਹੈ।
ਸੋਚਾਂ ਤੇ ਖਾਣੇ ਦੇ ਅੰਦਰ,
ਲਹੂ ਮਾਨਵ ਦਾ ਘੁਲ ਜਾਂਦਾ ਹੈ।

ਦੋ

ਟੀ.ਵੀ., ਇੰਟਰਨੈੱਟ ਦੇ ਉੱਤੇ
ਕਾਂਡ ਖ਼ੌਫ਼ ਦਾ ਖੁੱਲ ਜਾਂਦਾ ਹੈ

ਔਰਤ

ਅੱਲਾ ਦੇ ਨਾਂ 'ਤੇ ਜੱਨਤ ਨੂੰ,
ਵੇਚ ਰਹੇ ਹਨ, ਇਹ ਸ਼ੈਤਾਨ।
ਹਿੰਸਾ ਦੇ ਦਾਵਾਨਲ ਬਣ ਕੇ,
ਫੈਲ ਰਹੇ ਹਨ ਇਹ ਹੈਵਾਨ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਇੱਕ

ਜੀਵਨ, ਮੌਤ ਨੂੰ ਮੁੜ ਪਰਿਭਾਸ਼ਤ,
ਕਰਨਾ ਚਾਹਵਣ ਇਹ ਜਹਾਦੀ।

ਦੋ

ਦਾਣੇ ਵਿਚ ਹੀ ਬੰਦ ਹੁੰਦੀ ਹੈ,
ਦਾਣੇ ਦੀ ਬਰਬਾਦੀ !

–ਪਿਛੋਕੜ 'ਚੋਂ "ਇੱਕ" ਤੇ "ਦੋ" ਦੇ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ–

ਔਰਤ

ਵਿਸ਼ਵ-ਖ਼ੌਫ਼ ਦੀ ਤੋੜੇਗੀ ਹੁਣ,
[1] ਵਿਸ਼ਵ-ਕੋਲੀਸ਼ਨ ਹੀ ਸਰਦਾਰੀ।
[2] ਰੱਕਤ-ਬੀਜ ਦੀ ਰੱਤ ਪੀਣ ਲਈ,
[3] ਦੁਰਗਾ ਕੀਤੀ ਖ਼ੂਬ ਤਿਆਰੀ।

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ–

–ਫ਼ੇਡ ਆਊਟ–

---

1. ਵਿਸ਼ਵ ਕੋਲੀਸ਼ਨ : Coalition of World Forces of different Countries against ISIS
2. ਰਕਤ-ਬੀਜ : ਉਹ ਰਾਖਸ਼ਿਸ਼ ਜਿਸ ਦੇ ਖ਼ੂਨ ਦੀ ਹਰ ਬੂੰਦ ਵਿੱਚੋਂ ਇਕ ਹੋਰ ਰਾਖਸ਼ਿਸ਼ ਪੈਦਾ ਹੋ ਜਾਂਦਾ ਸੀ।
3. ਦੁਰਗਾ : ਉਹ ਦੇਵੀ ਜਿਸ ਨੇ ਰਕਤ-ਬੀਜ ਦਾ ਖ਼ੂਨ ਪੀ ਕੇ, ਉਸ ਦਾ ਬੀਜ-ਨਾਸ਼ ਕੀਤਾ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ–ਦ੍ਰਿਸ਼–10

ਮਸਖਰਾ
ਮਸਖਰੀ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮੰਚ ਉੱਤੇ "ਮਸਖਰਾਖਾਨਾ" ਦਾ ਦ੍ਰਿਸ਼ ਹੈ। "ਮਸਖਰਾ" ਤੇ "ਮਸਖਰੀ" ਦੇ ਮਸਖਰੀਆਂ ਕਰਨ ਵਾਲੇ ਸੰਦ, ਹੋਰ ਸਹਾਇਕ ਸਮੱਗਰੀ, ਵੇਸ਼ਭੂਸ਼ਾ ਅਤੇ ਮਖੌਟੇ ਆਦਿ ਸਜਾ ਕੇ ਰੱਖੇ ਹੋਏ ਹਨ।

ਮੰਚ ਉੱਤੇ ਅਨ੍ਹੇਰਾ ਹੈ। ਪਿਛੋਕੜ ਵਿੱਚੋਂ ਸੰਗੀਤ ਦੀਆਂ ਧੁਨਾਂ ਦੇ ਨਾਲ ਸੂਫੀ ਕਵੀ ਬੁੱਲ੍ਹੇ ਸ਼ਾਹ ਦੀ ਇਕ ਕਾਫ਼ੀ ਦੇ ਹੇਠਾਂ ਲਿਖੇ ਬੋਲ ਸੁਣਾਈ ਦਿੰਦੇ ਹਨ।

ਝੂਠ ਆਖਾਂ ਤੇ ਕੁਝ ਬਚਦਾ ਏ,
ਸੱਚ ਆਖਿਆਂ ਭਾਂਬੜ ਮਚਦਾ ਏ।
ਜੀ ਦੋਂਹਾਂ ਗੱਲਾਂ ਤੋਂ ਜਚਦਾ ਏ,
ਜਚ ਜਚ ਕੇ ਜਿਹਵਾ ਕਹਿੰਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ,
ਮੂੰਹ ਆਈ ਬਾਤ ਨਾ ਰਹਿੰਦੀ ਏ।

-ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਕਾਫ਼ੀ ਚਿਰ ਗੂੰਜਦੀਆਂ ਰਹਿੰਦੀਆਂ ਹਨ-

-ਵਕ਼ਫ਼ਾ-

ਡੁਗਡੁਗੀ ਵੱਜਦੀ ਹੈ। ਇਕ ਜ਼ਨਾਨਾ ਅਤੇ ਇਕ ਮਰਦਾਨਾ ਆਵਾਜ਼ ਦੇ ਹਾਸੇ ਸੁਣਾਈ ਦਿੰਦੇ ਹਨ।
ਮੰਚ ਉੱਤੇ ਚਾਨਣ, ਹੌਲੀ ਹੌਲੀ ਪਰਤਦਾ ਹੈ ਤਾਂ "ਮਸਖਰਾ" ਤੇ "ਮਸਖਰੀ" ਡੁਗਡੁਗੀਆਂ ਵਜਾਉਂਦੇ ਹੋਏ ਦਿਖਾਈ ਦਿੰਦੇ ਹਨ। ਉਹ ਪੂਰੀ ਮਸਤੀ ਵਿਚ ਹਨ। ਇਸ ਦ੍ਰਿਸ਼ ਨੂੰ ਉਹ "ਤਮਾਸ਼ੇ" ਦੇ ਰੂਪ ਵਿਚ ਪੇਸ਼ ਕਰਦੇ ਹਨ।

ਮਸਖਰਾ

ਪੁੱਠੀ ਹਾਂਡੀ, ਪਾਣੀ ਪਾਵੇ,
ਵੇਖੋ ਬਾਂਦਰ ਬੀਨ ਵਜਾਵੇ।

ਮਸਖਰੀ

ਨਾ ਇਹ ਰੋਵੇ, ਨਾ ਇਹ ਹੱਸੇ,
ਕੀ ਬੋਲੇ ? ਤੇ ਕੀ ਇਹ ਦੱਸੇ ?

–"ਮਸਖਰਾ" ਤੇ "ਮਸਖਰੀ" ਡੁਗਡੁਗੀਆਂ ਵਜਾਉਂਦੇ ਹੋਏ ਦਰਸ਼ਕਾਂ ਨੂੰ ਸੰਬੋਧਨ ਕਰਦੇ ਹਨ–

ਮਸਖਰਾ ਤੇ ਮਸਖਰੀ (ਇਕੱਠੇ)

ਪੈਸੇ ਸੁੱਟ, ਤਮਾਸ਼ਾ ਵੇਖ,
ਤੂੰ ਵੀ ਭੇਖ ਤੇ ਮੈਂ ਵੀ ਭੇਖ।
ਵਿਕਿਆ ਕੋਈ ਸਿਆਸਤ ਕਰਦਾ,
ਧਰਮਾਂ ਵਿਚ ਬਿਓਪਾਰ ਨੂੰ ਵੇਖ।
ਖਾਲੀ ਭਾਂਡੇ ਵਾਂਗ ਖੜਕਦੇ,
ਨੇਤਾ, ਮੰਗਤਾ ਤੇ 'ਦਰਵੇਸ਼'।

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। "ਮਸਖਰਾ" ਤੇ "ਮਸਖਰੀ" ਨੱਚਦੇ, ਟੱਪਦੇ ਤੇ ਪ੍ਰਤੀਧੁਨੀਆਂ ਦੀ ਸੁਰ ਵਿਚ ਸੁਰ ਮਿਲਾਉਂਦੇ ਹਨ।–

–ਵਕਫ਼ਾ–

ਮਸਖਰੀ

ਖਾਲੀ ਘੜੇ 'ਚ ਮੋਰੀ ਕਰਕੇ,
ਉਸਨੂੰ ਇਹ ਹੁਣ ਭਰਨਾ ਚਾਹਵੇ।
ਆਪੇ ਬਣਿਆਂ ਨਾਗ ਜ਼ਹਿਰੀਲਾ,
ਆਪੇ ਨੀਰੋ ਬੀਨ ਵਜਾਵੇ।

ਮਸਖਰਾ

ਅੱਖਾਂ ਅੰਨ੍ਹੀਆਂ, ਵੇਖ ਨਾ ਸਕੇ।
ਜੀਭ ਕੱਟੀ ਤੇ ਕੰਨ ਨੇ ਬੋਲੇ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਆਪੇ ਆਪਣੀ ਟਿੰਡ ਘੜਾਵੇ,
ਆਪੇ ਮਾਰੇ ਉਸ 'ਤੇ ਠੋਲੇ।

–ਵਕਫ਼ਾ–

–ਸਵਾਲੀਆ ਨਿਸ਼ਾਨ ਬਣਿਆਂ "ਮਸਖਰਾ" ਇੱਕੋ ਸਮੇਂ "ਮਸਖਰੀ" ਤੇ ਦਰਸ਼ਕਾਂ ਨੂੰ ਸੰਬੋਧਨ ਕਰਦਾ ਹੈ–

ਮਸਖਰਾ

ਗਧੇ ਨਾਲ, ਗਧੀ ਦੀ ਯਾਰੀ।
ਲੱਭੇ ਹਰ ਬੰਦਾ ਹੀ ਕੰਵਾਰੀ।

–ਵਕਫ਼ਾ–

ਇਕ ਤੋਂ ਬਾਅਦ ਦੂਜੇ ਨੂੰ ਭੋਗੇ,
[1] ਸਿੰਗਲ ਗਧੀ, ਸਦਾ ਕੰਵਾਰੀ।

ਮਸਖਰੀ

ਨਾਰੀ, ਨਾਰੀ ਫਿਰੇ ਭਟਕਦਾ,
ਬੰਦਾ ਨਾ ਪਰ ਬਣੇ ਵੇਸਵਾ।

ਮਸਖਰਾ

ਭੱਜਿਆ ਸੱਪ, ਬਚ ਗਈ ਪਟਾਰੀ,
ਨਵੇਂ ਯੁੱਗ ਦਾ ਨਵਾਂ ਸਪੇਰਾ।

ਮਸਖਰੀ

ਬੀਜਿਆ ਸੀ ਇਹਨੇ ਬਾਗ਼ ਬਗ਼ੀਚਾ,
ਬਣਿਆਂ ਇਹ ਗਿਰਝਾਂ ਦਾ ਡੇਰਾ।

ਮਸਖਰਾ

ਮੁਰਗ਼ਾ, ਮੁਰਗ਼ੀ ਅੰਡਾ ਬਣਦੇ,
ਅੰਡੇ ਕਦੇ ਨਾ ਹਾਥੀ ਜਣਦੇ।

---
1. ਸਿੰਗਲ – ਅਣਵਿਆਹੀ, ਇਕੱਲੀ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮਸਖਰੀ

ਤੂੰ ਮਦਾਰੀ

ਮਸਖਰਾ

ਤੂੰ ਮਦਾਰੀ

ਮਸਖਰਾ ਤੇ ਮਸਖਰੀ (ਇਕੱਠੇ)

ਪਿੰਜਰੇ ਉੱਡੇ ਗਏ ਮਾਰ ਉਡਾਰੀ।
ਤੇਰੀ ਮੇਰੀ ਆ ਗਈ ਵਾਰੀ।

-ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਦੇ ਨਾਲ ਫਲੈਸ਼ ਲਾਈਟ ਜਗੂੰ ਬੁਝੂੰ ਕਰਦੀ ਹੈ-

ਮਸਖਰਾ

ਪੌਣਾਂ ਦੇ ਵਿਚ ਬੀਜੇ ਬੀ,
ਸੋਚੇ ਕੀ ? ਕਰੇ ਇਹ ਕੀ ?

-"ਮਸਖਰੀ" ਨ੍ਰਿਤ ਕਰਦੀ ਹੋਈ ਹੇਠ ਲਿਖੇ ਬੋਲ ਗਾ ਕੇ ਬੋਲਦੀ ਹੈ-

ਮਸਖਰੀ

"ਲਾਗਾ ਚੁਨਰੀ ਪੇ ਦਾਗ਼,
ਛੁਪਾਊਂ ਕੈਸੇ।"
"ਅੱਲਾ", "ਅੱਲਾ" ਕਰੂੰ,
ਅੱਲਾ ਪਾਊਂ ਕੈਸੇ ?

ਮਸਖਰਾ

ਅਤਿਵਾਦੀ ਸਾਡਾ ਲਹੂ
ਪੀਏ ਜੈਸੇ

-ਡੁਗਡੁਗੀ ਵਜਾਉਂਦੇ ਹੋਏ "ਮਸਖਰੀ" ਤੇ "ਮਸਖਰਾ" ਕ੍ਰਮਵਾਰ ਹੇਠ ਲਿਖੇ ਬੋਲ ਬੋਲਦੇ ਹੋਏ ਨੱਚਦੇ ਤੇ ਟੱਪਦੇ ਹਨ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮਸਖਰੀ

"ਅੱਲਾ", "ਅੱਲਾ" ਕਰੂੰ
"ਅੱਲਾ" ਪਾਊਂ ਕੈਸੇ ?

ਮਸਖਰਾ

ਅਤਿਵਾਦੀ ਸਾਡਾ ਲਹੂ
ਪੀਏ ਜੈਸੇ।

-ਵਕ਼ਫ਼ਾ-

ਮਸਖਰੀ

ਆਪੇ ਆਪਣੇ ਚੂੰਢੀ ਵੱਢੇ,
ਘਰ ਨੂੰ ਆਪ ਚੁਆਤੀ ਲਾਵੇ।
ਬਲਦੇ ਘਰ ਵੱਲ ਉਂਗਲੀ ਕਰਕੇ,
ਮੁੰਦਰੀ ਆਪਣੀ ਆਪ ਵਿਖਾਵੇ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕ਼ਫ਼ਾ-

ਮਸਖਰਾ ਤੇ ਮਸਖਰੀ (ਇਕੱਠੇ)

-ਦਰਸ਼ਕਾਂ ਨੂੰ ਸੰਬੋਧਨ ਕਰਦੇ ਹੋਏ-

ਪੈਸੇ ਸੁੱਟ ਤਮਾਸ਼ਾ ਵੇਖ।
ਤੂੰ ਵੀ ਭੇਖ ਤੇ ਮੈਂ ਵੀ ਭੇਖ।
ਵਿਕਿਆ ਕੋਈ ਸਿਆਸਤ ਕਰਦਾ,
ਧਰਮਾਂ ਵਿਚ ਵਿਓਪਾਰ ਨੂੰ ਵੇਖ।
ਖਾਲੀ ਭਾਂਡੇ ਵਾਂਗ ਖੜਕਦੇ,
ਨੇਤਾ, ਮੰਗਤਾ ਤੇ ਦਰਵੇਸ਼।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਗੂੰਜਦੀਆਂ ਹਨ। "ਮਸਖਰਾ" ਤੇ "ਮਸਖਰੀ" ਹੱਸਦੇ, ਨੱਚਦੇ ਤੇ ਗਾਉਂਦੇ ਹਨ। ਪ੍ਰਤੀਧੁਨੀਆਂ ਦੀ ਸੁਰ ਵਿਚ ਸੁਰ ਮਿਲਾਉਂਦੇ ਹਨ-

-ਵਕ਼ਫ਼ਾ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮਸਖਰਾ

ਮਾਨਵ ਤੋਂ ਦਾਨਵ ਬਣਿਆ ਹੈ,
ਅਤਿਵਾਦ ਦਾ ਇਹ ਇਸਲਾਮ।
ਜੰਨਤ ਦੇ ਲਈ ਬੰਬ ਬਣ ਫਟਦਾ,
ਕਰਦਾ ਸਭ ਦਾ ਕੰਮ ਤਮਾਮ।

ਮਸਖਰੀ

ਸਦੀਆਂ ਤੋਂ ਇਹ ਨਫ਼ਰਤ ਦਾ ਹੀ,
ਪਾਠ ਨਿੱਤ ਹੀ ਕਰਦੇ ਰਹੇ ਨੇ।
ਧਰਮ ਦੇ ਨਾਂ ’ਤੇ ਕਰਨ ਸਿਆਸਤ,
ਸ਼ੀਆ, ਸੁੰਨੀਂ ਲੜਦੇ ਰਹੇ ਨੇ।

ਮਸਖਰਾ

ਸੁੰਨੀਂ ਦੇ ਸਿਰ ਚੜ੍ਹਿਆ ਖ਼ੂਨ,
ਜੰਮਿਆਂ “ਆਈਸਿਸ” ਦਾ ਜਨੂੰਨ।

-ਪਿਛੋਕੜ ’ਚੋਂ ਉਪ੍ਰੋਕਤ ਬੋਲਾਂ ਦੀਆਂ ਉੱਭਰਦੀਆਂ ਹਨ-

-ਵਕਫ਼ਾ-

ਮਸਖਰੀ

ਸ਼ੀਆ, ਸੁੰਨੀਂ, ਕਾਫ਼ਰ ਸੱਭੇ,
ਇਕ ਤੱਕੜੀ ਵਿਚ “ਆਈਸਿਸ” ਤੋਲੇ।
ਬਿਨਾ ਵਿਤਕਰੇ ਮਾਰੀ ਜਾਵੇ,
ਘੱਟੇ ਦੇ ਵਿਚ ਕੌਡੀਆਂ ਰੋਲੇ।

ਮਸਖਰਾ

ਨਾਸ਼ਮਾਨ ਹੈ ਬੰਦਾ ਖਾਕੀ,
ਆਪਣੀ ਸੋਚ ’ਚ “ਅੱਲਾ” ਰੰਗਿਆ,
ਲਾਵੇ ਅਸਮਾਨਾਂ ਨੂੰ ਟਾਕੀ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮਸਖਰੀ

ਕਾਲੀ ਮੱਤ ਤੇ ਕਾਲਾ ਵੇਸ,
ਧਰਮ ਰਾਜ ਦੇ ਭੇਖ ’ਚ ਬੈਠੇ,
ਇਸ ਸ਼ਾਤਰ, ਸ਼ੈਤਾਨ ਨੂੰ ਵੇਖ।

ਮਸਖਰੀ

ਦਿਨ ਵੇਲੇ ਵੀ ਦੇਖੇ ਤਾਰੇ।
ਬੱਚੇ, ਬੁੱਢੇ ਤੇ ਨਿਰਦੋਸ਼,
ਸਭ ਕੀਤੇ ‘ਅੱਲਾ’ ਨੂੰ ਪਿਆਰੇ।

-ਪਿੱਠਭੂਮੀਂ ਦੇ ਪਰਦੇ ਉੱਤੇ, ਕਾਲੇ ਵੇਸ ਵਿਚ, ਉੱਭਰੇ “ਆਈਸਿਸ” ਦੇ ਆਤੰਕਵਾਦੀ ਬਿੰਬਾਂ ਵਲਾਂ ਇਸ਼ਾਰਾ ਕਰਕੇ, ਦਰਸ਼ਕਾਂ ਨੂੰ ਸੰਬੋਧਨ ਕਰਦਾ ਹੋਇਆ, “ਮਸਖਰਾ” ਬੋਲਦਾ ਹੈ-

ਮਸਖਰਾ

ਉਸ ਦੀ ਅੱਖ ਨਾਲ ਜੱਗ ਨੂੰ ਵੇਖ।
ਉਸ ਦੀ ਸੋਚ ’ਚ [1]ਧੋ ਮਨ ਆਪਣਾ,
ਠੁਕ ਜਾਵੇਗੀ ਰੇਖ ’ਚ ਮੇਖ।

-ਪਿਛੋਕੜ ’ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਮਸਖਰੀ

ਕੱਟੜਪੰਥੀ ਧਰਮ ਨਚਾਵੇ।
[2]ਮੱਧਪੂਰਬ ਦੀ ਅੰਨ੍ਹੀਂ ਸਿਆਸਤ
“ਅੱਲਾ”, “ਅੱਲਾ” ਨਾਲ ਲੜਾਵੇ।

-ਪਿਛੋਕੜ ’ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

1. ਧੋ ਮਨ ਆਪਣਾ : Brainwash Yourself
2. ਮੱਧਪੂਰਬ : Middle East

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮਸਖਰਾ

ਪੱਛਮੀਂ ਸ਼ਕਤੀਆਂ, ਮੁਸਲਮ ਸਿਆਸਤ,
ਵਿਚ ਇਉਂ, ਜਿਉਂ ਟਿੰਡ ਵਿਚ ਕਾਨਾਂ।
ਕੈਂਸਰ ਵਾਂਗੂੰ ਠੋਕ ਦਿੱਤਾ ਹੈ,
ਮੱਧਪੂਰਬ ਵਿਚ ਯੁੱਧ ਦਾ ਫਾਨਾਂ !

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।-

-ਵਕ਼ਫ਼ਾ-

-"ਮਸਖਰਾ" ਤੇ "ਮਸਖਰੀ" ਡੁਗਡੁਗੀਆਂ ਵਜਾਉਂਦੇ ਹਨ। ਮਸਤੀ ਕਰਦੇ ਹਨ। ਨੱਚਦੇ, ਟੱਪਦੇ ਤੇ ਅਠਖੇਲੀਆਂ ਕਰਦੇ ਹਨ। ਗੰਭੀਰ ਰੂਪ ਵਿਚ ਦਰਸ਼ਕਾਂ ਨੂੰ ਸੰਬੋਧਨ ਕਰਦੇ ਹਨ।-

ਮਸਖਰਾ ਤੇ ਮਸਖਰੀ (ਇਕੱਠੇ)

ਸੂਮ ਦੇ ਘਰ ਆਇਆ ਕੰਜੂਸ-
[1]ਜੂਸਰ ਹੇਠ ਗਲਾਸੀ ਰੱਖ ਕੇ,
ਸੁੱਕਾ [2]ਕੀਨੂੰ, ਕੱਢਣ ਜੂਸ-

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕ਼ਫ਼ਾ-

-ਮੰਚ ਉੱਤੇ ਰੰਗਾ ਰੰਗ ਰੌਸ਼ਨੀਆਂ ਦੀ ਝਿਲਮਿਲ ਹੁੰਦੀ ਹੈ। ਵਿਚ ਵਿਚ ਫਲੈਸ਼ ਲਾਈਟ ਦੇ ਚਮਕਾਰੇ ਪੈਂਦੇ ਹਨ। "ਮਸਖਰਾ" ਤੇ "ਮਸਖਰੀ" ਡੁਗਡੁਗੀਆਂ ਵਜਾਉਂਦੇ ਆਪਣਾ ਤਮਾਸ਼ਾ ਜਾਰੀ ਰਖਦੇ ਹਨ।

-ਪਿਛੋਕੜ 'ਚੋਂ ਇਸ ਸਮੇਂ, ਬੁੱਲ੍ਹੇ ਸ਼ਾਹ ਦੀ ਕਾਫ਼ੀ ਦੇ ਹੇਠ ਲਿਖੇ ਬੋਲ, ਸੰਗੀਤ ਦੀ ਸੰਗਤ ਵਿਚ, ਗੀਤ ਵਾਂਗ ਉੱਭਰਦੇ ਹਨ-

1. ਜੂਸਰ - ਜੂਸ ਜਾਂ ਰਸ ਕੱਢਣ ਵਾਲੀ ਮਸ਼ੀਨ।
2. ਕੀਨੂੰ - ਸੰਗਤਰੇ ਦੀ ਇਕ ਕਿਸਮ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਝੂਠ ਆਖਾਂ ਤੇ ਕੁਝ ਬਚਦਾ ਏ,
ਸੱਚ ਆਖਿਆਂ ਭਾਂਬੜ ਮਚਦਾ ਏ।
ਜੀ ਦੋਂਹਾਂ ਗੱਲਾਂ ਤੋਂ ਜਚਦਾ ਏ,
ਜਚ, ਜਚ ਕੇ ਜਿਹਵਾ ਕਹਿੰਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ,
ਮੂੰਹ ਆਈ ਬਾਤ ਨਾ ਰਹਿੰਦੀ ਏ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਹੋਰ ਉੱਚੀਆਂ, ਹੋਰ ਉੱਚੀਆਂ ਹੋਈ ਜਾਂਦੀਆਂ ਹਨ-

-ਫ਼ੇਡ ਆਊਟ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ–ਦ੍ਰਿਸ਼–11

ਕਵੀ
ਕਵਿੱਤਰੀ

ਮੰਚ ਉੱਤੇ ਚਾਨਣ ਹੁੰਦਾ ਹੈ, ਤਾਂ ਮੇਜ਼ ਉੱਤੇ ਅਖ਼ਬਾਰਾਂ, ਰਸਾਲੇ ਆਦਿ ਖਿੱਲਰੇ ਹੋਏ ਨਜ਼ਰ ਆਉਂਦੇ ਹਨ। ਕੰਧ ਉੱਤੇ ਸ਼ੈਲਫ਼ ਵਿਚ ਪੁਸਤਕਾਂ ਚਿਣੀਆਂ ਹੋਈਆਂ ਹਨ। ਟੀ.ਵੀ. ਉੱਤੇ ਅੱਜ ਦੇ ਸਮਾਚਾਰ ਚੱਲ ਰਹੇ ਹਨ। "ਕਵੀ" ਆਪਣੇ ਕੰਪਿਊਟਰ ਦੀ ਸਕਰੀਨ ਨੂੰ ਘੂਰ ਰਿਹਾ ਹੈ। ਕੀ-ਬੋਰਡ ਉੱਤੇ ਉਂਗਲਾਂ ਮਾਰਦਾ ਹੋਇਆ, ਮਨਬਚਨੀ ਵਿਚ ਪੈ ਜਾਂਦਾ ਹੈ-

ਕਵੀ

"ਆਦਮ-ਬੋ", "ਆਦਮ-ਬੋ" ਕਰਦੇ,
"ਆਈਸਿਸ-ਧਾਰਾ" ਦੇ ਵਿਚਾਰ।
ਸੋਚ, ਸਮਝ ਦੇ ਵਿਵਿਧ ਹੋਣ ਨੂੰ,
ਅਸਲੋਂ ਹੀ ਹਨ ਰਹੇ ਨਿਕਾਰ।

-ਵਕਫ਼ਾ-

ਲਹੂ-ਲਿੱਬੜੇ ਟੀ.ਵੀ. ਦੇ ਬਿੰਬ ਸਭ,
ਘਰ, ਘਰ ਵਿਚ ਦਹਿਸ਼ਤ ਫੈਲਾਣ।
ਖਾਣਾ, ਪੀਣਾ, ਸੋਚਣਾ, ਜੀਣਾ,
ਸਭ ਕੁਝ ਹੋਇਆ ਲਹੂ ਲੁਹਾਣ।

-ਵਕਫ਼ਾ-

ਨਾ ਅਸੀਂ ਮਰੇ ਤੇ ਨਾ ਅਸੀਂ ਜੀਵੇ,
ਵਿਚ ਵਿਚਕਾਰ ਲਟਕਦੇ ਰਹਿ ਗਏ।
ਕੱਥ ਤੇ ਸੱਚ ਜੁ ਮਿਥਿਆ, ਕਥਿਆ,
ਉਸਨੂੰ ਪੜ੍ਹਦੇ ਤੱਕਦੇ ਰਹਿ ਗਏ।

-ਇਸ ਸਮੇਂ "ਕਵਿੱਤਰੀ" ਮੰਚ ਉੱਤੇ ਪਰਵੇਸ਼ ਕਰਦੀ ਹੈ। ਕਵੀ ਦੇ ਉੱਪਰ ਬੋਲੇ ਸ਼ਬਦਾਂ ਪ੍ਰਤੀ ਆਪਣਾ ਪ੍ਰਤੀਕਰਮ ਪੇਸ਼ ਕਰਦੀ ਹੈ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਕਵਿੱਤਰੀ

ਵਿਸ਼ ਦੇ ਨਾਲ ਹੀ ਵਿਸ਼ ਮਰਦੀ ਹੈ,
ਮਰਨ ਵਿਚਾਰ, ਵਿਚਾਰਾਂ ਨਾਲ।
ਪੱਤਝੜ ਜਿਵੇਂ ਬਦਲ ਜਾਂਦੀ ਹੈ,
ਬਾਗ਼ਾਂ ਦੀਆਂ ਬਹਾਰਾਂ ਨਾਲ।

ਕਵੀ

ਸਿਰ 'ਤੇ ਕੱਫਣ ਬੰਨ੍ਹ ਕੇ ਜੀਵਨ,
ਇਹ ਜਿਉਂਦੇ ਨੇ ਮਰਨ ਲਈ।
ਮੌਤ ਇਨ੍ਹਾਂ ਦਾ ਜੀਵਨ-ਦਰਸ਼ਨ,
ਵੀਜ਼ਾ, ਪਾਸਪੋਰਟ ਜੱਨਤ ਲਈ।

-ਵਕਫ਼ਾ-

"ਹੂਰਾਂ, ਦੁੱਧ, ਸ਼ਹਿਦ ਦੀਆਂ ਨਦੀਆਂ,
ਚਾਰ ਚੁਫੇਰੇ ਸਵਰਗ-ਨਜ਼ਾਰੇ,
ਸੱਤ ਰੰਗੀਆਂ ਪੀਂਘਾਂ ਦੇ ਹੁਲਾਰੇ।
ਗੁਲਸ਼ਨ, ਫੁੱਲ, ਬਹਾਰਾਂ ਓਥੇ,
ਮਹਿਕ 'ਚ ਨ੍ਹਾਵਣ ਨਦੀਆਂ, ਪੌਣਾਂ।"
ਸੁਣੀਆਂ ਇਹਨਾਂ 'ਤੇ 'ਅੱਲਾ' ਕਹੀਆਂ !!!

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।-

-ਵਕਫ਼ਾ-

ਕਵਿੱਤਰੀ

ਬੇਕਾਰ ਹੈ, ਬੇਘਰ ਹੈ,
ਬੇਅਰਥ ਜਵਾਨੀ ਹੈ।
ਮੁੱਦਿਆਂ ਤੋਂ ਬਿਨਾ ਭਟਕੇ-
ਇਹੀ ਅੱਜ ਦੀ ਕਹਾਣੀ ਹੈ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਕਵੀ

ਮਰਨਾ ਅਤੇ ਮਾਰਨਾ ਹੀ,
ਮੁੱਦਾ ਬਣਦਾ ਜਹਾਦੀ ਦਾ।
ਮੌਤ ਹੀ ਬਣੇ ਰਸਤਾ,
ਅਨਿਆਂ ਤੋਂ ਆਜ਼ਾਦੀ ਦਾ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਕਵਿੱਤਰੀ

ਆਦਿ-ਕਾਲ ਤੋਂ ਇਵੇਂ ਰਿਹਾ ਹੈ,
ਜੀਵਨ ਯੁੱਧਾਂ ਦੀ ਕਹਾਣੀ।
ਹਿਟਲਰ, ਟੋਜੋ ਤੇ ਮਸੋਲੀਨੀ,
ਸਦਾ ਰਹੇ ਨਾ ਏਸ ਜਗਤ 'ਤੇ,
ਮਰ ਗਏ ਉਹ ਤੇ ਦਫ਼ਨ ਵਿਚਾਰ।

-ਵਕਫ਼ਾ-

"ਆਈਸਿਸ" ਵੀ ਇਕ ਰੁੱਤ ਹੈ ਕਾਲੀ,
ਦਸਤਕ ਦੇ ਰਹੀ ਹਰ ਇਕ ਦੁਆਰ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਕਵੀ

ਨੀਤੀ ਤੇ ਸਿਸਟਮ ਹੀ ਜੀਕੂੰ,
ਤਸਕਰ ਹਨ, ਹਨ ਵੇਸ਼ੀਆਵਾਂ।
ਜੜ੍ਹ ਤੋਂ ਪੁੱਟ ਇਨ੍ਹਾਂ ਨੂੰ ਹੁਣ ਕੋਈ,
ਬੂਟਾ ਨਵਾਂ ਲਗਾਵਾਂ।

-"ਕਵਿੱਤਰੀ" ਗੁਣਗੁਣਾਉਂਦੀ ਹੋਈ, ਹੇਠ ਲਿਖਿਆ ਸੰਵਾਦ ਤਰੰਨਮ ਵਿਚ ਬੋਲਦੀ ਹੈ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਕਵਿੱਤਰੀ

ਇਕ ਬੂਟਾ ਮੈਂ ਵੀ ਆਂ,
ਮੈਨੂੰ ਦਿਲ ਵਿਚ ਲਾ ਲੈ ਤੂੰ।
ਨਵੀਂ ਜੋਤ ਜਗ ਪੈਣੀ,
ਮੈਨੂੰ ਅੱਖ ਵਿਚ ਪਾ ਲੈ ਤੂੰ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਕਵੀ

ਜਗਣ, ਬੁਝਣ ਵਿਚ ਛਿਣ, ਛਿਣ ਜੀਵਨ,
ਨਾ ਅਸੀਂ ਜੀਵੀਏ, ਨਾ ਅਸੀਂ ਮਰੀਏ।
ਇਤਿਹਾਸ ਕਹੇ, ਇਹ ਇਵੇਂ ਰਹੀ ਹੈ,
ਜ਼ਿੰਦਗੀ ਕਿਉਂ ਮੁਲਤਵੀ ਕਰੀਏ ???

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

-ਇਸ ਸਮੇਂ, ਗੁਣਗੁਣਾਉਂਦੀ ਹੋਈ "ਕਵਿੱਤਰੀ" ਕਮਰੇ ਵਿਚ ਘੁੰਮਦੀ ਹੈ। "ਕਵੀ" ਉਸ ਵਲਾਂ ਵੇਖਦਾ ਹੋਇਆ ਕੰਪਿਊਟਰ ਬੰਦ ਕਰਦਾ ਹੈ। "ਕਵਿੱਤਰੀ", "ਕਵੀ" ਅਤੇ ਦਰਸ਼ਕਾਂ ਵਲ ਵੇਖਦੀ ਹੋਈ, ਲੋਕਗੀਤ 'ਮਾਹੀਆ' ਦੀ ਧੁਨ 'ਤੇ ਗਾਉਂਦੀ ਹੋਈ ਬੋਲਦੀ ਹੈ-

ਕਵਿੱਤਰੀ

ਉਹ ਵੱਖਰੀ ਲੜਾਈ ਏ-
ਮੈਨੂੰ ਵੀ ਜੀਵੇ ਪ੍ਰਾਣੀਓਂ,
ਜ਼ਿੰਦਗੀ ਦੀ ਦੁਹਾਈ ਏ।

-ਵਕਫ਼ਾ-

ਕਵੀ

ਦੋਮੇਲ ਨਾ ਪਕੜ ਹੋਵੇ,
ਮੈਂ ਤੱਕਦਾ ਹੀ ਰਹਿ ਜਾਨਾਂ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਤੇਰਾ ਮੇਰਾ ਕੀ ਰਿਸ਼ਤਾ ?
ਮੈਂ ਸੋਚਾਂ 'ਚ ਪੈ ਜਾਨਾਂ !!!

ਕਵਿੱਤਰੀ

ਤੇਰੀ ਕਵਿਤਾ 'ਚ ਮੈਂ ਵੱਸਦੀ,
ਇਹ ਕਵਿਤਾ ਦਾ ਰਿਸ਼ਤਾ ਏ।
ਅਰਥਾਂ ਤੇ ਭਾਵਾਂ ਦਾ,
ਇਹ ਸ਼ਬਦਾਂ ਦਾ ਰਿਸ਼ਤਾ ਏ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-"ਕਵਿੱਤਰੀ" ਗੁਣਗੁਣਾਉਂਦੀ ਹੋਈ ਹੇਠ ਲਿਖਿਆ ਸੰਵਾਦ ਗਾ ਕੇ ਪ੍ਰਸਤੁਤ ਕਰਦੀ ਹੈ-

ਤੂੰ ਖੰਭ, ਮੈਂ ਉਡਾਰੀ ਹਾਂ-
ਅੰਬਰਾਂ 'ਤੇ ਫਿਰਾਂ ਉੱਡਦੀ,
ਤੇਰੀ ਹੀ ਖੁਮਾਰੀ ਹਾਂ।

ਕਵੀ

ਭਾਵੁਕ ਹੈਂ, ਤੂੰ ਇੰਜ ਸੋਚੇਂ,
ਇਹ ਰਿਸ਼ਤੇ ਖਲਾਵਾਂ ਨੇ।
ਟੁੱਟ, ਭੱਜ, ਰੁੱਖ ਝੜ ਗਏ,
ਕਹੀਆਂ ਤੇਜ਼ ਹਵਾਵਾਂ ਨੇ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਕਵਿੱਤਰੀ

ਗੱਲ ਇਕ ਤੋਂ ਸ਼ੁਰੂ ਹੁੰਦੀ,
ਇਕ ਤੋਂ ਇਹ ਦੋ ਬਣਦੀ।

-ਵਕਫ਼ਾ-

ਦੋਂਹਾਂ ਦੀ ਏਕਤਾ 'ਚੋਂ,
ਜ਼ਿੰਦਗੀ ਦੀ ਤੋਰ ਜਣਦੀ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਕਵੀ

ਟੱਬਰ ਸਭ ਟੁੱਟ ਗਏ ਨੇ-
ਇਹ ਰਿਸ਼ਤੇ ਕਬਾੜਖਾਨਾ,
ਆਪਣੇ ਆਪ 'ਚ ਰੁਕ ਗਏ ਨੇ।

-"ਕਵਿੱਤਰੀ" ਗੁਣਗੁਣਾਉਂਦੀ ਹੋਈ, ਹੇਠ ਲਿਖਿਆ ਸੰਵਾਦ, ਗਾ ਕੇ ਪ੍ਰਸਤੁਤ ਕਰਦੀ ਹੈ-

ਕਵਿੱਤਰੀ

ਪ੍ਰੀਤਾਂ ਹੀ ਨੇ ਸੱਚ ਮਿੱਤਰਾ-
ਚਿੰਤਨ ਦਾ ਮੰਥਨ ਇਹ,
ਬਾਕੀ ਜੱਗ ਸਾਰਾ, ਕੱਚ ਮਿੱਤਰਾ !!!

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਕਵੀ

-ਕਵੀ ਵੀ ਹੇਠ ਲਿਖਿਆ ਸੰਵਾਦ ਤਰੱਨਮ ਵਿਚ ਪੇਸ਼ ਕਰਦਾ ਹੈ-

ਸੋਚਾਂ ਵਿਚ ਪਾ ਦੇਵੇਂ-
ਰਿਸ਼ਤੇ ਤੋਂ ਗੱਲ ਤੋਰ ਕੇ,
ਲੜ ਪ੍ਰੀਤਾਂ ਦੇ ਲਾ ਦੇਵੇਂ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

*-"ਕਵਿੱਤਰੀ", "ਕਵੀ" ਦੀ ਬੋਲੀ, ਆਖਿਰੀ ਸਤਰ ਨੂੰ ਗੁਣਗੁਣਾਉਂਦੀ ਹੋਈ,
ਹੇਠ ਲਿਖਿਆ ਸੰਵਾਦ 'ਮਾਹੀਆ' ਦੀ ਧੁਨ ਉੱਤੇ ਗਾਉਂਦੀ ਹੈ-*

ਕਵਿੱਤਰੀ

ਲੜ ਪ੍ਰੀਤਾਂ ਦੇ ਲਾ ਦੇਵੇਂ-
ਆਪ ਤੂੰ ਲਿਖੇਂ ਕਵਿਤਾ,
ਮੈਨੂੰ ਕਵਿਤਾ ਬਣਾ ਦੇਵੇਂ !!!

-ਵਕਫ਼ਾ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਕਵੀ ਤੇ ਕਵਿੱਤਰੀ (ਇਕੱਠੇ)

ਲੜ ਪ੍ਰੀਤਾਂ ਦੇ ਲਾ ਦੇਵੇਂ-
ਆਪ ਤੂੰ ਲਿਖੇਂ ਕਵਿਤਾ,
ਮੈਨੂੰ ਕਵਿਤਾ ਬਣਾ ਦੇਵੇਂ !!!

*-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।
"ਕਵੀ" ਅਤੇ "ਕਵਿੱਤਰੀ" ਇਕ ਦੂਜੇ ਨੂੰ ਗਲਵਕੜੀ ਪਾਉਂਦੇ ਹਨ।-*

-ਫ਼ੇਡ ਆਊਟ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ-ਦ੍ਰਿਸ਼-12

ਇੱਕ
ਦੋ
ਔਰਤ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਮੰਚ ਉੱਤੇ ਚਾਨਣ ਹੁੰਦਾ ਹੈ। “ਇੱਕ” ਅਤੇ “ਦੋ” ਇਕ ਦੂਜੇ ਨਾਲ ਸੰਵਾਦ ਕਰ ਰਹੇ ਹਨ। ਕੋਲ ਬੈਠੀ “ਔਰਤ”, ਉਨ੍ਹਾਂ ਨੂੰ ਧਿਆਨ ਤੇ ਦਿਲਚਸਪੀ ਨਾਲ ਸੁਣ ਰਹੀ ਹੈ।

ਇੱਕ

ਮਿੱਥ-ਪਰੀਵਰਤਨ ਹੋਇਆ ਕੈਸਾ,
ਆਦਮ ਅਤੇ ਹੱਵਾ ਨੂੰ ਵੇਖ।
‘ਇੱਕ’ ਨਾਲ ‘ਇੱਕ’ ਦੀ ਜੁੜੀ ਕਹਾਣੀ,
ਭੂਗੋਲੇ ’ਤੇ ਫੈਲ ਗਈ ਹੈ।

ਦੋ

ਪੰਜ ਤੇ ਇੱਕ ਦੇ ਰਿਸ਼ਤੇ ਦੇ ਵਿਚ,
ਪਾਂਡੋ ਅਤੇ ਦਰੋਪਦੀ ਬੱਝੇ।
ਕ੍ਰਿਸ਼ਨ ਤੇ ਰੱਬ ਤੋਂ ਲੈ ਥਾਪੜਾ,
ਭੋਂ ਨੂੰ ਸਵਰਗ ਬਨਾਉਣ ’ਚ ਰੁੱਝੇ।

ਇੱਕ

ਰਾਜਿਆਂ, ਮਹਾਂਰਾਜਿਆਂ ਆ ਕੇ,
ਸ਼ਾਦੀ ਹੁੰਦਿਆਂ, ਹਰਮ ਚਲਾਏ।
ਔਰਤ ਦੁਆਲੇ ਮਿੱਥ ਘੁੰਮ ਰਹੀ,
ਮਰਦ ਇਸ਼ਾਰੇ ’ਤੇ ਨਚਾਏ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**
IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਦੋ

ਵੇਸ਼ੀਆ ਇੱਕ ਤੇ ਮਰਦ ਅਨੇਕ,
ਛਿਣ, ਛਿਣ ਕਰ ਕੇ ਛਣ ਗਏ ਰਿਸ਼ਤੇ,
ਛਾਨਣੀ ਦੇ ਛੇਕਾਂ ਨੂੰ ਦੇਖ !

-ਪਿਛੋਕੜ 'ਚੋਂ ਪ੍ਰਤੀਧੁਨੀਆਂ-

-ਵਕਫ਼ਾ-

-"ਔਰਤ" ਵਲ ਇਸ਼ਾਰਾ ਕਰਦੇ ਹੋਏ "ਇੱਕ" ਤੇ "ਦੋ" ਇਕ ਦੂਜੇ ਨੂੰ ਪ੍ਰਸ਼ਨ ਕਰਦੇ ਹਨ-

ਇੱਕ

ਕੀ ਇਹ ਮੇਰੀ ?

ਦੋ

ਕੀ ਇਹ ਮੇਰੀ ?

ਔਰਤ

"ਦੋ", "ਇੱਕ" ਦਾ ਇਹ ਰਿਸ਼ਤਾ ਪਿਆਰੇ

-"ਇੱਕ" ਨੂੰ ਸੰਬੋਧਨ ਕਰਦੀ ਹੋਈ-

ਦਿਨ ਦਾ ਸੂਰਜ, ਚਾਨਣ ਤੇਰਾ-

-"ਦੋ" ਨੂੰ ਸੰਬੋਧਨ ਕਰਦੀ ਹੋਈ-

ਰਾਤ ਨੂੰ ਤੇਰੇ ਚੰਦ, ਸਿਤਾਰੇ

-ਵਕਫ਼ਾ-

ਅਦਲੀ ਬਦਲੀ ਵੀ ਹੋ ਸਕਦੀ,
ਬਦਲੀ ਦੇ ਵਿਚ ਧਰਤੀ ਘੁੰਮੇਂ,
ਬਦਲੀ ਵਿਚ ਹੀ ਰੰਗ, ਨਜ਼ਾਰੇ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਗੂੰਜਦੀਆਂ ਹਨ-

-ਵਕਫ਼ਾ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਇੱਕ

"ਇੱਕ" ਤੇ "ਦੋ" ਦਾ ਸਮੀਕਰਨ ਕੀ ?

ਔਰਤ

ਗਣਿਤ ਨਹੀਂ ਹੈ, ਪਿਆਰ ਹੈ ਦਰਸ਼ਨ-
ਗਿਣਤੀ, ਮਿਣਤੀ ਦਾ ਕੀ ਕੰਮ ???

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਗੂੰਜਦੀਆਂ ਹਨ-

-ਵਕਫ਼ਾ-

-"ਔਰਤ" "ਇੱਕ" ਤੇ "ਦੋ" ਵਲਾਂ ਇਸ਼ਾਰਾ ਕਰਦੀ ਹੋਈ ਆਪਣੀ ਗੱਲ ਨੂੰ ਅੱਗੇ ਤੋਰਦੀ ਹੈ-

ਮੈਂ ਵਿਚ ਦੋ ਬੀਜਾਂ ਨੇ ਜੰਮਣਾਂ,
ਚੌਂਹ ਦਿਸ਼ਾਈਂ ਫੈਲ ਜਾਣਗੇ।
ਰਿਸ਼ਤੇ ਸਾਂਝ ਖਿਆਲਾਂ ਦੀ ਹਨ,
ਜੋ ਸੋਚਣਗੇ, ਭੇਦ ਪਾਣਗੇ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕਫ਼ਾ-

ਇੱਕ

ਅਸੀਂ ਜਿਊਣ ਲਈ ਜੰਮਦੇ,

ਦੋ

ਪਰ ਮਰਨ ਲਈ ਜਿਊਂਦੇ ਹਾਂ !

ਔਰਤ

ਇਹ ਗਰੇਬਾਨ ਬਾਰ ਬਾਰ ਫਟਦਾ ਹੈ,
ਇਸ ਨੂੰ ਬਾਰ ਬਾਰ ਸਿਊਂਦੇ ਹਾਂ।

ਇੱਕ

ਸਾਡਾ ਰਿਸ਼ਤਾ ਵੀ ਇਸੇ ਤਰ੍ਹਾਂ ਹੈ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਦੋ

ਫਟ ਰਿਹਾ, ਸਿਲ ਰਿਹਾ–

ਇੱਕ ਤੇ ਦੋ ਇਕੱਠੇ

ਹੁੰਦਿਆਂ ਵੀ, ਨਾ ਹੋਣ ਵਰਗਾ–

–ਵਕ਼ਫ਼ਾ–

ਸਾਡਾ ਰਿਸ਼ਤਾ ਵੀ ਇਸੇ ਤਰ੍ਹਾਂ ਹੈ,
ਫਟ ਰਿਹਾ, ਸਿਲ ਰਿਹਾ,
ਹੁੰਦਿਆਂ ਵੀ ਨਾ ਹੋਣ ਵਰਗਾ !!!

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ–

–ਵਕ਼ਫ਼ਾ–

ਔਰਤ

ਲਹਿੰਦੇ ਦੀ ਲਾਲੀ ਹੇਠ
ਸੂਰਜ ਦੀ ਨਿਹੋਂਦ ਦੇ–
ਹਲਕੇ, ਹਲਕੇ ਚਾਨਣ ਵਰਗਾ !

–ਵਕ਼ਫ਼ਾ–

ਅਸੀਂ "ਹੋਣ", "ਹੋਣ" ਕਰਦੇ ਹੋਏ ਵੀ,
"ਨਿਹੋਂਦ" ਦੇ ਰਿਸ਼ਤੇ ਵਿਚ ਬੱਝੇ ਹੋਏ ਹਾਂ !

–ਵਕ਼ਫ਼ਾ–

ਸਫ਼ਰ ਸ਼ੁਰੂ ਹੋਣ ਦੇ ਨਾਲ ਹੀ,
ਸਾਡਾ ਸਫਰ ਖ਼ਤਮ ਹੋਣਾਂ ਸ਼ੁਰੂ ਹੋ ਜਾਂਦਾ ਹੈ।

–ਵਕ਼ਫ਼ਾ–

ਇੱਕ ਤੇ ਦੋ

ਦਿਸਹੱਦਿਆਂ ਤੋਂ ਪਾਰ ਜਾਣ ਦਾ,
ਸੁਫ਼ਨਾ ਲੈਂਦੇ ਹੋਏ ਵੀ,

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਅਸੀਂ ਜਿਸਮ ਦੀਆਂ ਹੱਦਾਂ ਤੋਂ,
ਪਾਰ ਨਹੀਂ ਜਾ ਸਕਦੇ।

–ਵਕ਼ਫ਼ਾ–

ਜਿਸਮ ਨਾਸ਼ਮਾਨ ਹੈ !!!

–ਵਕ਼ਫ਼ਾ–

ਨਾ ਇਸਦੀ ਧਰਤੀ,
ਨਾ ਹਵਾ, ਨਾ ਸਾਗਰ,
ਨਾ ਹੀ ਆਮਸਾਨ ਹੈ !!!

–ਪਿਛੋਕੜ 'ਚੋਂ ਉਪ੍ਰੋਕਤ 4 ਤੁਕਾਂ (ਲਾਈਨਾਂ) ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ–

–ਵਕ਼ਫ਼ਾ–

ਔਰਤ

ਫੇਰ ਵੀ

ਇੱਕ ਤੇ ਦੋ (ਇਕੱਠੇ)

ਹਾਂ, ਫੇਰ ਵੀ ...

ਔਰਤ, ਇੱਕ ਤੇ ਦੋ (ਇਕੱਠੇ)

ਕੱਲ੍ਹ ਦੇ ਸੁਫ਼ਨੇ ਲਈਏ,
ਹੁਣ ਦੀ ਜ਼ਹਿਰ ਪੀਈਏ,
ਸਮੇਂ ਵਿਚ ਸਮਾਂ ਬਣ,
ਬੀਤਦੇ ਰਹੀਏ !

–ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ–

–ਫ਼ੇਡ ਆਊਟ–

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਨਾਟ–ਦ੍ਰਿਸ਼–13 : ਕੋਡਾ (CODA)

ਇਸ ਕਾਵਿ–ਨਾਟਕ ਦੇ ਸਾਰੇ ਪਾਤਰ

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਕੋਡਾ*

ਮੰਚ ਉੱਤੇ ਮੁਕੰਮਲ ਅਨ੍ਹੇਰਾ ਹੈ। ਲੋਕ-ਗੀਤ 'ਮਾਹੀਆ' ਦੀਆਂ ਧੁਨਾਂ ਸੁਣਾਈ ਦਿੰਦੀਆਂ ਹਨ। ਚਾਨਣ ਹੁੰਦਿਆਂ ਹੀ ਕੁਝ ਪਾਤਰ ਅਭਿਨਯ-ਮੁਦ੍ਰਾਵਾਂ ਵਿਚ ਦਿਖਾਈ ਦਿੰਦੇ ਹਨ।

ਇਸ ਦ੍ਰਿਸ਼ ਵਿਚ ਇਸ ਕਾਵਿ-ਨਾਟਕ ਦੇ ਸਾਰੇ ਹੀ ਪਾਤਰ ਸ਼ਾਮਿਲ ਹੁੰਦੇ ਹਨ। ਹੇਠ ਲਿਖਿਆ ਗੀਤ, ਇਹ ਪਾਤਰ, ਦੋ ਟੋਲੀਆਂ ਵਿਚ ਇਕ ਦੂਜੇ ਨੂੰ ਸੰਬੋਧਨ ਹੋ ਕੇ, ਗਾਉਂਦੇ ਹਨ। ਇਸ ਗੀਤ ਦੇ ਬੋਲਾਂ, ਪ੍ਰਤੀਕਾਂ ਅਤੇ ਬਿੰਬਾਂ ਦੁਆਰਾ ਸੁਝਾਏ ਨਾਟਕੀ ਕਾਰਜ ਨੂੰ, ਸਿਨਮੈਟਿਕ, ਵੀਡੀਓ/ਟੀ.ਵੀ. ਅਤੇ ਕੰਪਿਊਟਰੀ ਜੁਗਤਾਂ ਦੁਆਰਾ ਪਿੱਠਭੂਮੀ ਦੇ ਪਰਦੇ ਉੱਤੇ ਵਿਖਾਇਆ ਜਾ ਸਕਦਾ ਹੈ ਤੇ ਜਾਂ ਹੁਣ ਤਕ ਖੇਡੇ ਨਾਟਕ ਦੇ ਚੋਣਵੇਂ ਦ੍ਰਿਸ਼ਾਂ ਦੀ ਵੀਡੀਓ ਕਲਿੱਪ ਪਿੱਠਭੂਮੀ ਦੇ ਪਰਦੇ ਉੱਤੇ ਵਿਖਾਈ ਜਾ ਸਕਦੀ ਹੈ। ਇਸ ਦ੍ਰਿਸ਼ ਨੂੰ ਐਕਸ਼ਨ ਕੋਰਸ ਦੇ ਰੂਪ ਵਿਚ ਵੀ ਵਿਖਾਇਆ ਜਾ ਸਕਦਾ ਹੈ-

ਟੋਲੀ-1

ਅਸੀਂ [1] 'ਹੋ ਕੇ' ਵੀ ਨਾ 'ਹੋਏ',
ਵਿਚਰੇ [2] 'ਨਿਹੋਂਦ' ਬਣ ਕੇ,
ਨਾ ਜੀਵੇ, ਨਾ ਮੋਏ।

ਟੋਲੀ-2

ਜ਼ਿੰਦਗੀ ਨੂੰ ਦਿਸ਼ਾ ਦਿਓ-
ਨਿਕਲੋ ਉਲਝਣ 'ਚੋਂ,
ਸ਼ਬਦਾਂ ਨੂੰ ਵਿਸ਼ਾ ਦਿਓ-

---

* ਕੋਡਾ (CODA) : Concluding part of a DRAMA – ਭਰਤ ਵਾਕ, ਸਿੱਟਾ।
2. 'ਹੋ ਕੇ' ਜਾਂ 'ਹੋਏ'- ਅਸਤਿਤਵਵਾਦੀ ਸੰਕਲਪ Becoming ਵਲ ਇਸ਼ਾਰਾ।
3. ਨਿਹੋਂਦ : ਅਸਤਿਤਵਾਦੀ ਦਰਸ਼ਨ ਦੇ ਸੰਕਲਪ Nothingness ਵਲ ਇਸ਼ਾਰਾ।

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਟੋਲੀ-1

ਭਟਕਣ ਹੈ ਦਿਸ਼ਾਵਾਂ ਵਿਚ-
ਸ਼ਬਦਾਂ ਤੋਂ ਅਰਥ ਰੁੱਸ ਗਏ,
ਵਿਸ਼ਾ ਲਟਕੇ ਖਲਾਵਾਂ ਵਿਚ।

ਟੋਲੀ-2

ਭਟਕਣ ਨੂੰ ਸੰਗ ਦੇਵੋ-
ਕੋਰੇ, ਚਿੱਟੇ ਪੰਨਿਆਂ ਨੂੰ,
ਜ਼ਿੰਦਗੀ ਦੇ ਰੰਗ ਦੇਵੋ।

ਟੋਲੀ-1

ਹਰ ਤਰਫ਼ ਹੀ ਦਹਿਸ਼ਤ ਹੈ-
ਮੌਤ ਤੇ ਦਰਿੰਦਗੀ ਦੀ,
ਹਰ ਤਰਫ਼ ਹੀ ਵਹਿਸ਼ਤ ਹੈ !

ਟੋਲੀ-2

ਲੋਕਾਂ ਨੂੰ ਜਗਾਵਾਂਗੇ-
ਦੁਸ਼ਟਾਂ ਦੀ ਘੱਟ ਗਿਣਤੀ,
ਨੱਥ ਪਾ ਕੇ ਬਿਠਾਵਾਂਗੇ।

-ਵਕ਼ਫ਼ਾ-

-ਇਸ ਸਮੇਂ ਦੋਵੇਂ ਟੋਲੀਆਂ ਇਕੱਠਿਆਂ ਹੋ ਕੇ, ਦਰਸ਼ਕਾਂ ਨੂੰ ਸੰਬੋਧਨ ਕਰਦੀਆਂ ਹਨ-

ਟੋਲੀ-1 ਤੇ ਟੋਲੀ-2 (ਇਕੱਠਿਆਂ)

ਯੁਵਕਾਂ ਨੂੰ ਕੰਮ ਲਾਓ,
ਅਰਥ ਦਿਓ ਮੰਤਵ,
ਜ਼ਿੰਦਗੀ ਦੇ ਰਾਹ ਪਾਓ।

-ਪਿਛੋਕੜ 'ਚੋਂ ਇਨ੍ਹਾਂ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕ਼ਫ਼ਾ-

-ਦੋਵੇਂ ਟੋਲੀਆਂ ਆਪਣਾ ਗੀਤ ਜਾਰੀ ਰੱਖਦੀਆਂ ਹਨ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**

ਹਰ ਰਾਵਣ ਫੜ ਕੱਢੋ-
ਗੰਧਲੀ ਸਿਆਸਤ ਦਾ,
ਢਾਂਚਾ ਹੀ ਬਦਲ ਛੱਡੋ।

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ-

-ਵਕ਼ਫ਼ਾ-

-ਦੋਵੇਂ ਟੋਲੀਆਂ ਆਪਣਾ ਗੀਤ ਜਾਰੀ ਰੱਖਦੀਆਂ ਹਨ-

ਅਸੀਂ ਸੁਫਨੇ ਵੰਡਾਂਗੇ-
ਜ਼ਿੰਦਗੀ ਦੀ ਹਰ ਰੁੱਤ ਨੂੰ,
ਸੱਤ ਰੰਗਾਂ 'ਚ ਰੰਗਾਂਗੇ !!!

-ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ ਅਤੇ ਨਾਟਕ ਦੇ ਸਾਰੇ ਪਾਤਰ, ਅਭਿਨਯ-ਮੁਦ੍ਰਾਵਾਂ ਵਿਚ, ਇਨ੍ਹਾਂ ਬੋਲਾਂ ਨੂੰ ਢੁੱਕਵਾਂ ਨਾਟਕੀ ਕਾਰਜ ਪ੍ਰਦਾਨ ਰਕਦੇ ਹਨ।-

-ਫ਼ੇਡ ਆਊਟ-

IInd on 28.2.2016, Ist on 12.2.2016
D:/National/Ravi-16/Hond Nihond/2-Proof/**Hond Nihond-B2**